ੴ ਵਾਹਿਗੁਰੂ ਜੀ ਕੀ ਫ਼ਤਹ


ਮਾਸਿਕ ਪੱਤਰ

# ਸੂਰਾ

ਲੁਧਿਆਣਾ

ਦਸੰਬਰ 2000

SURA Monthly
LUDHIANA
DECEMBER 2000



## ਗੁਰਦੁਆਰਾ ਫਤਿਹਗੜ੍ਹ ਸਾਹਿਬ ਸਰਹੰਦ

ਸਿੱਖ ਇਤਿਹਾਸ ਵਿਚ ਧਰਮ ਵਾਸਤੇ ਕੁਰਬਾਨ ਹੋਣ ਦੀ ਛੋਟੇ ਸਾਹਿਬਜ਼ਾਦਿਆਂ ਦੀ ਅਸਚਰਜ ਦਾਸਤਾਨ ਜਿਸਦੀ ਕੋਈ ਹੋਰ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਮਿਲਣੀ ਅਸੰਭਵ ਹੈ। ਸਿੱਖੀ ਰਹਿਤ ਤੋਂ ਆਕੀ ਹੋ ਰਹੇ ਅਜੋਕੇ ਸਿੱਖਾਂ ਲਈ ਇਹ ਅਦੁੱਤੀ ਸਾਕਾ ਇਕ ਵੰਗਾਰ ਹੈ।

www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲੋਓ ਜੀ।

1.ਲੁਧਿਆਣਾ: (ੳ) ਮੁੱਖ ਦਫ਼ਤਰ ਸੂਰਾ, ਕੋਠੀ ਨੰ: 12 ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ੍ਰ: ਇਕਬਾਲ ਸਿੰਘ ਜੀ ਖਾਲਸਾ ਸ਼ਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।
(ਹ) ਸ: ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701

2.ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307

3.ਚੰਡੀਗੜ੍ਹ,ਮੋਹਾਲੀ: ਭਾਈ ਗੁਰਚਰਨ ਸਿੰਘ ਜੀ, ਮਕਾਨ ਨੰ 236, ਵਾਰਡ ਨੰ: 1, ਚੰਡੀਗੜ੍ਹ ਰੋਡ, ਮੁੰਡੀ ਖਰੜ।
.ਖਰੜ, ਮੋਰਿੰਡਾ: ਟੈਲੀ: 01888- 46036

4.ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5ਪਟਿਆਲਾ: 1. ਸੰਦੀਪ ਪਾਲ ਸਿੰਘ S/o ਸ੍ਰ ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜ਼ਾਰ ਪਟਿਆਲਾ ਟੈਲੀ. 228703
2. ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ 14/15 ਗੁ ਦੁਖ ਨਿਵਾਰਨ ਬਜ਼ਾਰ ਪਟਿਆਲਾ ਟੈਲੀ. 361415

6.ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਂਤੀਪੁਰਾ।
2. ਭਾਈ ਭੁਪਿੰਦਰ ਸਿੰਘ ਜੀ ਖਾਲਸਾ, 4969ਅਜ਼ਾਦ ਨਗਰ, ਨੇੜੇ ਟਿਊਬਵੈਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।

7 ਜਲੰਧਰ: ਸ੍ਰ: ਹਰਜੀਤ ਸਿੰਘ ਬੈਂਕ ਆਫ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸਹਿਰ ਫੋਨ :462065

8.ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ। ਫੋਨ 47341

9.ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

10.ਪਠਾਨਕੋਟ: ਸ੍ਰ: ਹਰਭਜਨ ਸਿੰਘ M.E.S. ਪਠਾਨਕੋਟ।

11 ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
2. ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ
3. ਸ੍ਰ ਮਲਕੀਅਤ ਸਿੰਘ ਮਾਰਫਤ ਸਰਦਾਰ ਕਲਾਥ ਹਾਊਸ ਪਿੰਡ ਨਨਹੇੜਾ ਡਾ: ਕੁਲਦੀਪ ਨਗਰ ਅੰਬਾਲਾ

12.ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819, ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743

13.ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ। ਫੋਨ: 21253

14.ਸਰਹੰਦ: ਸ੍ਰ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

15.ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ Tel. Shop 01704-22367, Resi.24067

16.ਬਟਾਲਾ 1. ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡਟੈਲੀ :46566
2. ਸ੍ਰ ਹਰਭਜਨ ਸਿੰਘ, ਖਾਲਸਾ ਲਾਇਬਰੇਰੀ ਬਟਾਲਾ।

17.ਦਿੱਲੀ 1. ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833
2. ਸ੍ਰ: ਨਰਿੰਦਰ ਜੀ ਸਿੰਘ (ਗਾਮਾ) H. No.58-C IInd floor St. No. 11 New Mahavir Nagar P.O. Tilak Nagar-New Delhi 110018 PH. Resi - 5155191 Office- 590097-5449276

18.ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP.Tel: 01753-530624

19ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

20 ਆਸਟ੍ਰੇਲੀਆ: ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841

21.ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755

22. ਕੈਨੇਡਾ : ਭਾਈ ਅੰਮ੍ਰਿਤ ਪਾਲ ਸਿੰਘ 20 Newman court, Brampton, Ontario L6S5T1 ਟੈਲੀ :905-4538219

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

# ਸੂਰਾ

## ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੪ ਦਸੰਬਰ ੨੦੦੦ ਅੰਕ ੧੨

### ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਸ਼ਹੀਦੀ ਪੁਰਬ ਗੁਰੂ ਤੇਗ ਬਹਾਦਰ ਜੀ ੧ ਦਸੰਬਰ

ਸ਼ਹੀਦੀ ਜੋੜ ਮੇਲਾ ਵੱਡੇ ਸਾਹਿਬਜ਼ਾਦੇ (ਚਮਕੌਰ ਸਾਹਿਬ) ੨੨ ਦਸੰਬਰ

ਸ਼ਹੀਦੀ ਜੋੜ ਮੇਲਾ ਛੋਟੇ ਸਾਹਿਬਜ਼ਾਦੇ (ਫਤਹਿਗੜ੍ਹ ਸਾਹਿਬ) ੨੫ ਤੋਂ ੨੭ ਦਸੰਬਰ

### ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ: |
| ਅਮਾਨਤੀ ਲਾਈਫ਼ ਮੈਂਬਰ | | 400ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ਼ ਮੈਂਬਰ | 1400ਰ: | 4000ਰੁ: |

### ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-੭੩, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ

○ ਸੱਚੇ ਭੰਡਾਰੇ ਦਾ ਮਾਲਕ ਗੁਰੂ ਨਾਨਕ ਹੈ........................... ੨
○ ਸਫ਼ਲ ਸ਼ਹਾਦਤ........................... ੫
○ ਕੀਰਤਨ ਦੌਰਾਨ ਪੋਥੀ ਦਾ ਸਤਿਕਾਰ........................... ੭
○ ਗੁਰੂ ਨਾਨਕ ਦਾ ਗੁਣਤੰਤਰ........................... ੮
○ ਗੁਰੂ ਨਾਨਕ ਦੇਵ ਜੀ ਦਾ ਸੱਚਾ-ਸੌਦਾ........................... ੧੦
○ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਪ੍ਰਯੋਜਨ.......੧੪
○ Thoughts on Guru Tegh Bahadur's Martyrdom.......... ੧੬
○ ਅਮਰ ਸ਼ਹੀਦ ਨੌਂਵੇ ਪਾਤਸ਼ਾਹ(ਕਵਿਤਾ)...........................੨੦
○ ਬੁੱਤ ਪ੍ਰਸਤੀ ਤੇ ਸਿੱਖ........................... ੨੧
○ ਕਰਮ ਕਰਤਸ ਸੂਕਰਹ........................... ੨੪
○ ਮੇਰਾ ਜਨਮ........................... ੨੫
○ ਦਸਮ ਪਾਤਸ਼ਾਹ ਦੇ ਚਾਰ ਸ਼ਾਹਿਬਜ਼ਾਦੇ........................... ੨੮
○ ਗੁਰੂ ਤੇਗ ਬਹਾਦਰ ਜੀ ਨਾਲ ਸ਼ਹੀਦ ਹੋਏ ਮਹਾਨ ਸਿੱਖ.........੩੧
○ ਏਕੰਕਾਰ ਦੀ ਸਿੱਖੀ ਤੋਂ ਗਏ ਜੋ ਵਾਰੇ ਵਾਰੇ ਨੇ (ਕਵਿਤਾ).........੩੪
○ ਧੜਾ ਅਤੇ ਧਰਮ........................... ੩੬
○ ਕਰਮ ਫਿਲਸਫੀ........................... ੩੭
○ ਰਿਸ਼ਤੇ ਨਾਤੇ........................... ੩੯
○ ਆਉਣ ਵਾਲੇ ਕੀਰਤਨ ਸਮਾਗਮ........................... ੪੦

ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਸੱਚੇ ਭੰਡਾਰੇ ਦਾ ਮਾਲਕ ਗੁਰੂ ਨਾਨਕ ਹੈ

*(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)*

ਸਚੁ ਸਚਾ ਸਭਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ॥
ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥
ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥
ਓਇ ਬੋਲੈ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥੮॥

(ਗਉੜੀ ਕੀ ਵਾਰ ਮਹਲਾ ੪,ਪੰਨਾ ੩੦੪)

ਨਾਮ ਤੇ ਨਾਮੀ ਨੂੰ ਅਭੇਦ ਰੂਪ ਹੋਣ ਕਰਿ, ਇਕ ਸਰੂਪ ਕਰਿ ਹੀ ਗੁਰਬਾਣੀ ਅੰਦਰਿ, ਵਰਨਣ ਕੀਤਾ ਗਿਆ ਹੈ। ਨਾਮੁ ਹੈ ਸਚੁ ਤੇ ਨਾਮੀ ਹੈ ਸੱਚਾ। ਇਹ ਗੁਰਮਤਿ ਨਿਰੂਪਿਆ ਇਕ-ਮਿਕ "ਸਚੁ ਸਚਾ" ਸਭ ਸਚਾਂ ਤੋਂ ਵੱਡਾ ਹੈ। ਹੋਰ ਸਭ ਸੱਚ ਇਦੂੰ ਹੇਠਾਂ ਹਨ। ਵਾਹਿਗੁਰੂ ਅਤੇ ਵਾਹਿਗੁਰੂ ਨਾਮੁ ਤੋਂ ਵੱਡਾ ਤੇ ਉੱਚਾ ਸੱਚ ਹੋਰ ਕਿਹੜਾ ਹੈ?

ਇਹ ਸਭ ਦੂੰ ਵੱਡਾ ਤੇ ਸਭਦੂੰ ਉਚਾ 'ਸਚੁ' ਸਭ ਤੋਂ ਪਹਿਲਾਂ ਮਿਲਿਆ ਤਾਂ ਸਚੇ ਸਤਿਗੁਰੂ, ਸਭ ਤੋਂ ਵੱਡੇ ਸਤਿਗੁਰੂ ਨਾਨਕ ਜੀ ਨੂੰ ਮਿਲਿਆ। ਸਚ ਨਾਮ ਦਾ ਮਾਲਕ, ਅਕਾਲ ਪੁਰਖ ਦੇ ਹੁਕਮ ਅਨੁਸਾਰ, ਸਭ ਤੋਂ ਪਹਿਲਾਂ ਬਣਿਆ ਤਾਂ ਸਚਾ ਸਤਿਗੁਰੂ ਗੁਰੂ ਨਾਨਕ ਹੀ ਬਣਿਆ। ਸਚੁ ਨਾਮ ਭੰਡਾਰੀ ਬਣਨ ਦਾ ਸ਼ਰਫ ਹਾਸਿਲ ਹੋਇਆ ਤਾਂ ਸਤਿਗੁਰੂ ਨਾਨਕ ਸਾਹਿਬ ਨੂੰ ਹੋਇਆ। ਇਸ ਸਚੁ ਨਾਮ ਦੇ ਭੰਡਾਰੇ ਵਿਚੋਂ ਗੁਰਪ੍ਰਸਾਦਿ ਕਰਿ, ਗੁਰੂ ਨਾਨਕ ਦੇਵ ਜੀ ਦੇ ਪ੍ਰਸਾਦਿ ਕਰਿ ਸਭ ਜਗਤ ਵਰੋਸਾਇਆ। ਜਿਸ ਜਿਸ ਜਨ ਉਤੇ ਗੁਰੂ ਨਾਨਕ ਤੁਠਾ, ਤਿਸ ਤਿਸ ਨੂੰ ਸਚੁ ਨਾਮੁ ਰੂਪੀ ਖੋਸ਼ਾ ਤੋਸ਼ਾ ਇਸ ਅਤੁਟ ਭੰਡਾਰੇ ਵਿਚੋਂ ਮਿਲਿਆ। ਅਧਿਕਾਰ ਪਾਤਰਤਾ ਅਨੁਸਾਰ ਮਿਲਿਆ, ਪਰ ਇਸ ਸਚੁ ਨਾਮੁ ਅਤੁੱਟ ਭੰਡਾਰੇ ਦੀ ਸੌਂਪਣਾ ਕੇਵਲ, ਕੇਵਲ ਸਤਿਗੁਰੂ ਸੱਚੇ ਪਾਤਸ਼ਾਹ ਨੂੰ ਹੋਈ, ਅਕਾਲ ਪੁਰਖ ਦੇ ਥਾਪੇ ਗੁਰੂ ਸਤਿਗੁਰੂ ਨਾਨਕ ਦੇਵ ਨੂੰ ਹੋਈ। ਫਿਰ ਗੁਰੂ ਅਕਾਲ ਪੁਰਖ ਦੀ ਅਜ਼ਲ ਅਬਦੀ ਰਜ਼ਾ ਅਨੁਸਾਰ ਇਸ 'ਸਚੁ' ਭੰਡਾਰੇ ਦੇ ਵਰਤਾਰੇ ਦੀ ਸੌਂਪਣਾ ਤਿਸੇ ਗੁਰੂ ਜੋਤਿ ਜਾਮੇ ਨੂੰ ਹੋਈ, ਜਿਸ ਨੂੰ ਕਿ ਅਕਾਲ ਪੁਰਖ ਦੇ ਥਾਪੇ ਸਤਿਗੁਰੂ ਨੇ ਨਿਜ ਥਾਂ ਜਾਂ-ਨਸ਼ੀਨ ਥਾਪਿਆ, ਜਿਸ ਨੂੰ ਕਿ ਸਤਿਗੁਰੂ ਸੱਚੇ ਪਾਤਸ਼ਾਹ ਨੇ ਇਸ 'ਸਚੁ ਨਾਮੁ' ਭਗਤਿ ਭੰਡਾਰੇ ਦਾ ਭੰਡਾਰੀ ਟਿੱਕਿਆ। ਗੁਰੂ ਅਕਾਲ ਪੁਰਖ ਟਿੱਕੇ, ਗੁਰ ਸਤਿਗੁਰ ਟਿੱਕੇ ਹਰ ਇਕ ਭੰਡਾਰੀ ਵਲੋਂ ਇਸ 'ਸਚੁ ਨਾਮ' ਦੇ ਸਮੁੱਚੇ ਭੰਡਾਰੇ ਵਿਚੋਂ 'ਸਚੁ ਨਾਮੁ' ਦੀਆਂ ਦਾਤਾਂ ਅਨੇਕ ਅਧਿਕਾਰੀਆਂ ਅਤੇ 'ਸਚੁ ਨਾਮੁ' ਦੇ ਵਪਾਰੀਆਂ ਨੂੰ ਮਿਲਿਆ। ਪਰ ਗੁਰੂ ਅਕਾਲ ਪੁਰਖ ਦੇ ਹੁਕਮ ਰਜਾਈ ਟਿੱਕੇ (ਥਾਪੇ) ਸਤਿਗੁਰੂ ਬਾਝਹੁ ਇਸ 'ਸਚੁ ਨਾਮੁ' ਭੰਡਾਰ ਦਾ ਭੰਡਾਰੀ ਹੋਰ ਕੋਈ ਨਹੀਂ ਬਣਿਆ, ਨਾ ਹੀ ਬਣ ਸਕਿਆ। ਹੁਕਮੀ ਅਕਾਲ ਪੁਰਖ ਦੇ ਹੁਕਮ ਪਠਾਏ, ਹੁਕਮ ਰਜਾਏ, ਥਾਪ ਥਪਾਏ, ਸਚੁ ਨਾਮੁ ਭੰਡਾਰਚੀ ਮਹਾਂਪੁਰਖ ਹੀ ਸਤਿਗੁਰੂ ਸਦਾਏ, ਸਤਿਗੁਰੂ ਦੀ ਮਹਾਂ ਉਚ ਪਦਵੀ ਨੂੰ ਪ੍ਰਾਪਤਿ ਹੋਏ।

ਆਪੇ ਬਣਿ ਬੈਠੇ ਪੋਚ ਗੁਰੂ, ਇਸ ਗੁਰੂ ਪਦਵੀ ਤੋਂ ਵਾਂਝੇ ਹੀ ਰਹੇ। ਵਾਂਝੇ ਹੀ ਨਹੀਂ ਰਹੇ, ਸਗੋਂ ਗੁਰੂ ਘਰ ਵਿਚੋਂ ਹੀ ਧੱਕੇ ਗਏ। ਸਚ ਨਾਮ ਦੇ ਭੰਡਾਰੀ ਤਾਂ ਉਹਨਾਂ ਨੇ ਕੀ ਹੋਣਾ ਸੀ, ਓਹ ਤਾਂ ਸਚ ਨਾਮ ਦੇ ਕਿਣਕੇ ਮਾਤ੍ਰ ਤੋਂ ਭੀ ਵੰਚਤ ਹੀ ਰਹਿ ਗਏ। ਸਚ ਸਚੇ ਦੀ ਸਿਫਤਿ ਸਾਲਾਹ ਦਾ ਅੰਮ੍ਰਿਤ-ਕਿਣਕਾ ਭੀ ਤਿਨ੍ਹਾਂ ਨੂੰ ਮਿਲਿਆ, ਜੋ ਗੁਰ ਸਤਿਗੁਰ ਦੇ ਪੰਨੇ ਪਏ, ਜੋ ਸਚਮੁਚ ਗੁਰਦੀਖਿਆ ਲੈ ਕੇ ਗੁਰੂ ਦੇ ਸਿਖ ਬਣੇ। ਪਰ ਸਚੁ ਸੱਚਾ ਸਭਦੂੰ ਵੱਡਾ ਮੇਲਾਰਾ ਅਤੁਟ ਭਗਤਿ ਭੰਡਾਰਾ ਤਾਂ ਤਿਸ ਮਹਾਂ ਪੁਰਸ਼ ਨੂੰ ਹੀ ਮਿਲਿਆ, ਜਿਸ ਨੂੰ ਹੁਕਮੀ ਦੇ ਹੁਕਮ, ਅਕਾਲ ਦੀ ਰਜਾਇ ਅਨੁਸਾਰ ਸਤਿਗੁਰੂ ਦਾ ਸੱਚਾ ਮਰਤਬਾ ਮਿਲਿਆ, ਜੋ ਧੁਰੋਂ ਦਰਗਾਹੋਂ ਸਤਿਗੁਰੂ ਕਰ ਕੇ ਟਿਕਿਆ ਗਿਆ। ਇਸ ਸਚ-ਭੰਡਾਰ-ਦਾਤਿ ਤੋਂ ਸੁੰਞੇ ਵੰਞੇ ਸਤਿਗੁਰੂ ਹੀ ਨਹੀਂ


www.AKJ.Org

ਕਹਾ ਸਕਦੇ। ਐਵੇਂ ਆਪੇ ਹੀ ਸਤਿਗੁਰੂ ਬਣਿ ਬਣਿ ਬਹਿੰਦੇ ਹਨ ਅਤੇ ਸਚੁ (ਨਾਮੁ) ਦੇ ਭੰਡਾਰੀ ਆਪਣੇ ਆਪ ਨੂੰ ਸਦਾਉਂਦੇ ਹਨ। ਪੱਲੇ ਓਹਨਾਂ ਦੇ ਕੱਖ ਭੀ ਨਹੀਂ ਹੁੰਦਾ, ਨਾਮ ਰੂਪੀ ਸੱਚ ਦਾ ਫੱਕਾ ਹੀ ਨਹੀਂ ਹੁੰਦਾ। ਓਹ ਸਚ ਨਾਮ ਦੀ ਕਮਾਈ ਹੀ ਨਹੀਂ ਕਰ ਸਕਦੇ। ਤਾਂ ਕਰ ਸਕਣ ਜੇ ਓਹਨਾਂ ਦੇ ਪੱਲੇ ਕੁਛ ਹੋਵੇ। ਨਾਮੁ ਧਿਆਇ ਹੀ ਨਹੀਂ ਸਕਦੇ। ਮਿੱਟੀ ਦੇ ਮਟੂੰਨ ਆਪੋਂ ਬਣੇ ਪੋਚ ਗੁਰੂਆਂ ਦੀ ਇਹ ਪੱਕੀ ਨਿਸ਼ਾਨੀ ਹੁੰਦੀ ਹੈ ਕਿ ਓਹ ਸਚ (ਨਾਮ) ਵਲੋਂ ਊੱਕੇ ਹੀ ਫੋਕੇ ਹੁੰਦੇ ਹਨ। ਐਵੇਂ ਫੋਕਟ ਭੰਡਾਰੀ ਸਦਾਉਂਦੇ ਹਨ।

ਸੋ ਸੱਚੇ ਸਤਿਗੁਰੂ ਦੀ ਪਹਿਲੀ ਨਿਸ਼ਾਨੀ ਤਾਂ ਇਹ ਹੈ ਕਿ ਉਹ ਧੁਰ ਦਰਗਾਹੋਂ ਥਾਪਿਆ ਹੋਇਆ ਹੈ। ਦੂਜੀ ਨਿਸ਼ਾਨੀ ਇਹ ਕਿ ਸੱਚ ਨਾਮ ਭੰਡਾਰ ਦੀ ਸੌਂਪਣਾ ਭੀ ਉਸ ਨੂੰ ਧੁਰ ਦਰਗਾਹੋਂ ਹੀ ਮਿਲੀ ਹੋਈ ਹੁੰਦੀ ਹੈ ਤੀਜੀ ਨਿਸ਼ਾਨੀ ਇਹ, ਸੱਚ ਨਾਮ ਦਾ ਭੰਡਾਰੀ ਹੁੰਦਾ ਹੋਇਆ ਉਹ ਸਚ ਨਾਮ ਨੂੰ ਖ਼ੁਦ ਭੀ ਧਿਆਉਂਦਾ (ਸਿਮਰਦਾ) ਹੈ- "ਸੋ ਸਤਿਗੁਰੂ ਜਿ ਸਚੁ ਧਿਆਇਦਾ"। ਸਚੁ ਨੂੰ, 'ਸਚੁ ਨਾਮੁ' ਨੂੰ ਧਿਆਉਣਹਾਰਾ ਹੋਇਆ ਹੀ ਸਤਿਗੁਰੂ, ਸੱਚਾ ਸਤਿਗੁਰੂ ਹੋਰਨਾਂ ਨੂੰ ਸਚੁ ਧਿਆਉਣ, ਨਾਮੁ ਧਿਆਉਣ ਦਾ ਉਪਦੇਸ਼ ਦੇ ਸਕਦਾ ਹੈ। ਨਹੀਂ ਤਾਂ "ਅਵਰ ਉਪਦੇਸੈ ਆਪਿ ਨ ਕਰੈ" ਦੀ ਕਰਤੂਤ ਵਾਲਾ ਗੁਰੂ ਮਿੱਟੀ ਦਾ ਮਟੂੰਨ ਘੁੱਗੂ ਦਾ ਘੁੱਗੂ ਹੀ ਸਮਝੋ, ਸੱਚ ਗੁਰੂ ਨਹੀਂ ਬਲਕਿ ਕਚ ਗੁਰੂ ਪਾਖੰਡੀ ਗੁਰੂ ਹੈ। ਉਹ 'ਅਵਰ ਉਪਦੇਸੈ ਆਪਿ ਨ ਕਰੈ' ਦੀ ਕਰਤੂਤ ਵਾਲਾ ਝੂਠਾ ਗੁਰੂ 'ਆਵਤ ਜਾਵਤ ਜਨਮੈ ਮਰੈ' ਦੀ ਦਰਗਤੀ ਨੂੰ ਪ੍ਰਾਪਤਿ ਹੁੰਦਾ ਹੈ। ਤਾਂ ਤੇ ਭਗਤਿ ਭੰਡਾਰੇ ਵਾਲਾ, ਨਾਮੁ ਰੂਪੀ ਸਚੁ ਭੰਡਾਰੇ ਵਾਲਾ ਗੁਰੂ ਸੋਈ ਹੋਊ, ਜਿਸ ਦੇ ਉਪਰ "ਸੋ ਸਤਿਗੁਰੁ ਜਿ ਸਚੁ ਧਿਆਇਦਾ," ਵਾਲੀ ਪ੍ਰੀਖਿਆ ਘਟੂ, ਜੋ ਇਸ ਕਸਉਟੀ ਉਤੇ ਪੂਰਾ ਉਤਰੂ। 'ਸਚੁ ਧਿਆਇਨਿ' ਉਸ ਦਾ ਪਰਮ ਸੱਚ ਵਿਲਖੱਣਤਾ ਵਾਲਾ ਹੋਊ। ਜਿਸ ਸਚੁ ਵਿਲੱਖਣਤਾ ਦੀ ਧਿਆਉਣੀ ਧਿਆਉਣਾ ਸਤਿਗੁਰੂ ਦੀ ਨਿਜ ਜ਼ਾਤੇ-ਪਾਕ ਪ੍ਰਥਾਇ ਘਟਦਾ ਹੈ, ਉਹ ਸੱਚ ਧਿਆਉਣੀ ਹਰ ਕੋਈ ਥੋੜੇ ਧਿਆਇ ਸਕਦਾ ਹੈ।...

ਆਪੋਂ ਬਣ ਬੈਠੇ ਕਈ ਡਿੰਭੀ ਗੁਰੂ ਆਪਣੇ ਆਪ ਨੂੰ ਗੁਰੂ ਸਿਧ ਕਰਨ ਲਈ ਆਮ ਤੌਰ ਤੇ ਇਹ ਗੁਰਵਾਕ ਪੇਸ਼ ਕਰਿਆ ਕਰਦੇ ਹਨ- *"ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ"* (ਸੁਖਮਨੀ ਪੰਨਾ ੨੮੬) ਪਰ ਓਹਨਾਂ ਨੂੰ ਇਹ ਪਤਾ ਨਹੀਂ ਕਿ ਜਿਹੜੀ ਜਾਨਣੀ, ਸਤਿਗੁਰੂ ਨੇ ਸਤਿ ਪੁਰਖ ਨੂੰ ਜਾਣਿਆ ਹੈ, ਉਹ ਜਾਨਣੀ ਸਿਖ ਨਹੀਂ ਜਾਣ ਸਕਦਾ। ਸਤਿਗੁਰੂ ਦਾ ਸਤਿ ਪੁਰਖ ਨੂੰ ਜਾਨਣਾ ਪੂਰਨ ਗਿਆਨ ਸਰੂਪ ਵਿਚਿ ਹੁੰਦਾ ਹੈ। ਅਪ੍ਰੋਖਸ਼ ਗਿਆਨ ਕਰਕੇ ਸਤਿ ਪੁਰਖ ਨੂੰ ਸਤਿਗੁਰੂ ਪਰਤੱਖ ਪੇਖਦਾ ਹੈ। ਸਦਾ ਹਾਜ਼ਰਾ ਹਜ਼ੂਰ ਪਰਤੱਖ ਪੇਖਣੀ ਵਿਚਿ ਸਤਿ ਪੁਰਖ ਨੂੰ ਪੇਖਣਾ ਕੇਵਲ ਸਤਿਗੁਰੂ ਦੀ ਉਚ ਜ਼ਾਤ ਪਾਕ ਨੂੰ ਬਣਿ ਆਉਂਦਾ ਹੈ। ਪਰਤੱਖ ਦਰਸ਼ਨ ਅਪ੍ਰੋਖਸ਼ੀ ਸਨਮੁਖ ਦੀਦਾਰਿਆਂ ਦਾ ਪੇਖਣਹਾਰਾ ਗਿਆਨ ਹੀ ਸਚੁ ਗਿਆਨ, ਤੱਤ ਗਿਆਨ, ਸਭਨਾਂ ਤੇ ਉਚਾ ਸੁੱਚਾ ਗਿਆਨ, ਸਭਦੂੰ ਵੱਡਾ ਗਿਆਨ ਹੈ। ਸੋ ਕੇਵਲ ਸਤਿਗੁਰੂ ਦੇ ਵਿਰਸੇ ਵਿਚਿ ਹੀ ਆਇਆ ਹੈ। ਧੁਰੋਂ ਪਠਾਇ ਸਤਿਗੁਰੂ ਮਰਤਬੇ ਨੂੰ ਪੁਜਣ ਦੀ ਡੀਂਗ ਸਤਿਗੁਰੂ ਦਾ ਵਰੋਸਾਇਆ ਸਿਖ ਭੀ ਨਹੀਂ ਮਾਰ ਸਕਦਾ। ਆਪੋਂ ਬਣਿ ਬੈਠੇ ਡਿੰਭੀ ਗੁਰੂਆਂ ਨੇ ਤਾਂ ਇਸ ਗਿਆਨ ਦੀ ਡੀਂਗ ਕੀ ਮਾਰ ਸਕਣੀ ਹੋਈ।

ਸਤਿਗੁਰੂ ਦਾ ਗਿਆਨ ਸਹਜ ਬਿਵਸਥਾ ਵਾਲਾ ਗਿਆਨ ਹੈ। ਧੁਰੋਂ ਬਖਸ਼ਿਆ ਸਹਜ ਗਿਆਨ ਕੇਵਲ ਧੁਰੋਂ ਪਠਾਏ ਸਤਿਗੁਰੂ ਨੂੰ ਹੀ ਪ੍ਰਾਪਤਿ ਹੈ। ਇਸ ਸਹਜ ਪਦ ਵਾਲੇ ਗਿਆਨ ਦੀ ਜਾਨਣੀ ਸਤਿ ਪੁਰਖ ਨੂੰ ਜਿਸ ਨੇ ਜਾਣਿਆ ਹੈ, ਤਿਸ ਦਾ ਨਾਉਂ ਸਤਿਗੁਰੂ ਹੈ। ਹਾਂ ਜੀ, "ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ" ਦੀ ਇਹ ਉਪਰ ਵਿਆਖੀ ਵਿਆਖਿਆ ਹੈ। ਸਿਖ ਦੇ ਘਟ ਅੰਦਰਿ ਜਤਿ-ਚਾਨਣ ਹੀ ਪਹਿਲੇ ਪਹਿਲ ਇਕ ਕਿਰਣ ਮਾਤ੍ਰ ਹੀ ਪਰਗਾਸਦੀ ਹੈ। ਜੇ ਇਸ ਘਟਿ ਜੋਤਿ-ਕਿਰਣ ਪਰਗਾਸ ਦੇ ਕਿਣਕੇ ਨੂੰ ਹੀ ਹੋਈ ਅਭਾਗਾ ਸਿਖ ਪੂਰਨ ਗਿਆਨ ਪ੍ਰਕਾਸ਼ ਘਟਿ ਉਦੇ ਹੋਇਆ ਸਮਝ ਲਵੇ ਤਾਂ ਉਸ ਦੀ ਇਹ ਨਿਰੀ ਮਤਸਰ ਹੀ ਹੈ, ਅਗਿਆਨ ਮਈ ਮਤਸਰ ਹੈ। ਪ੍ਰਮਾਤਮਾ ਜੋਤੀ ਸਰੂਪ ਦੀ ਪੂਰਨ ਜੋਤਿ, ਜਲਵ-ਭਾਨਾਨ ਭਾਨ ਜੋਤਿ ਦੇ ਬੁਕੇ ਦਾ ਪੂਰਨ ਸੂਰਜ ਜੋਤਿ ਪ੍ਰਕਾਸ਼ੀ ਗਿਆਨ ਕੇਵਲ ਸਤਿਗੁਰੂ ਦੇ ਘਟ ਅੰਦਰਿ ਹੀ ਉਦੇ ਹੁੰਦਾ ਹੈ। ਪੂਰਨ ਗਿਆਨ ਜਾਨਣੀ ਵਾਲਾ ਸਤਿ ਪੁਰਖ ਨੂੰ ਜਾਨਣਾ ਇਹ ਹੈ, ਜੋ ਕੇਵਲ ਸਤਿਗੁਰੂ ਨੇ ਹੀ ਜਾਣਿਆ


www.AKJ.Org

ਹੈ। ਏਸੇ ਪ੍ਰਕਾਰ ਸਤਿਗੁਰੂ ਦਾ ਵਰੋਸਾਇਆ ਸਿਖ ਨਾਮ ਨੂੰ ਧਿਆਉਂਦਾ ਹੈ। ਉਸ ਦੇ ਘਟ ਅੰਦਰਿ ਨਾਮ ਦਾ ਰਸ ਭੀ ਲਸਿ ਆਉਂਦਾ ਹੈ। ਇਸ ਅੰਮ੍ਰਿਤ ਰਸ ਦੇ ਘਟ ਅੰਦਰਿ ਲਸਿ ਆਉਣ ਕਰਿ ਗੁਰਸਿਖ ਦਾ ਧਿਆਨ ਨਾਮ ਵਿਚਿ ਹੋਰ ਭੀ ਅਧਿਕ ਜੁੜਦਾ ਹੈ। ਪਰ ਜਿਸ ਬਚਿੱਤ੍ਰਤਾ ਸੇਤੀ ਅਮਿਅ-ਰਸ ਝਰਨਾ ਨਾਮ ਧਿਆਇਦਿਆਂ ਹੋਇਆਂ ਸਤਿਗੁਰੂ ਦੇ ਘਟ ਅੰਦਰਿ ਝਰਦਾ ਹੈ, ਉਹ ਸਿਖ ਦੇ ਘਟ ਅੰਦਰ ਤਾਂ ਨਹੀਂ ਝਰਨ ਲੱਗ ਪੈਂਦਾ।

ਸਤਿਗੁਰੂ ਤਾਂ ਧਿਆਨ-ਰਸ ਅੰਮ੍ਰਿਤ ਸਰੋਵਰੀ ਸਰਸ਼ਾਰ ਚਸ਼ਮਾ ਹੈ। ਸੋ ਜਿਸ ਧਿਆਨ ਧਿਆਉਣੀ ਸਤਿਗੁਰੂ ਦਾ ਸਚੁ ਨਾਮੁ ਧਿਆਉਣਾ ਹੈ, ਉਸ ਨੂੰ ਸਿਖ ਦਾ ਧਿਆਉਣਾ ਤਾਂ ਨਹੀਂ ਪੁਜ ਸਕਦਾ। ਧਿਆਨ ਧੇਈ ਇਕਮਿੱਕਤਾ ਵਾਲਾ ਧਿਆਉਣਾ ਕੇਵਲ ਸਤਿਗੁਰੂ ਨੂੰ ਹੀ ਸੋਭਦਾ ਹੈ। ਇਸ ਧਿਆਨ ਧੇਈ ਸਮਸਰਤਾ ਵਾਲੇ ਅਰਥਾਂ ਵਿਚਿ ਇਸ "ਸੋ ਸਤਿਗੁਰੂ ਜਿ ਸਚੁ ਧਿਆਇਦਾ" ਵਾਲੀ ਪੰਗਤੀ ਨੂੰ ਅਰਥਾਉਣਾ ਹੀ ਉਚਿਤ ਹੈ।

ਇਸ ਤੁਕ ਦੀ ਅਗਲੀ ਪੰਗਤੀ ਦੱਸਦੀ ਹੈ ਕਿ 'ਸਚੁ ਸਚਾ ਸਤਿਗੁਰੁ ਇਕੋ॥" ਗੁਰਮਤਿ ਅਨੁਸਾਰ ਗੁਰੂ ਘਰ ਅੰਦਰਿ ਸਚੁ ਪ੍ਰਮਾਤਮਾ ਭੀ ਇਕੋ ਹੀ ਹੈ, ਸਚ ਨਾਮੁ (ਗੁਰਮਤਿ ਨਾਮ) ਭੀ ਇਕ ਹੀ ਹੈ, ਸੱਚਾ ਸਤਿਗੁਰੂ ਭੀ ਇਕੋ ਹੀ ਹੈ। ਇਕੋ ਵਕਤ ਅੰਦਰਿ ਇਕ ਸਤਿਗੁਰੂ ਹੀ ਸੱਚੀ ਗੁਰੱਤਤਾ ਦੀ ਸੱਚੀ ਪਾਤਸ਼ਾਹੀ ਦੇ ਸੱਚੜੇ ਤਖ਼ਤ ਉਤੇ ਬ੍ਰਾਜਮਾਨ ਹੈ, ਦੂਜਾ ਹੋ ਹੀ ਨਹੀਂ ਸਕਦਾ। ਨਾ ਇਕ ਅਕਾਲ ਪੁਰਖ ਦਾ ਕੋਈ ਦੂਜਾ ਸਾਨੀ ਹੈ, ਨਾ ਸਤਿਗੁਰੂ ਦਾ ਕੋਈ ਹੋਰ ਡਿੰਭੀ ਗੁਰੂ ਸ਼ਰੀਕ, ਦੂਜਾ ਸ਼ਰੀਕ ਹੋ ਸਕਦਾ ਹੈ। ਏਸੇ ਪ੍ਰਕਾਰ ਗੁਰਮਤਿ ਨਾਮ ਭੀ ਇਕੋ ਸੱਚ ਹੀ ਹੈ, ਹੋਰ ਸਭ ਕਿਰਤਮ ਨਾਮ ਹਨ, ਮਾਨਵੀ ਕਿਰਤ ਸ੍ਰਿਸ਼ਤੇ ਘੜੇ ਹੋਏ ਨਾਮ ਹਨ। ਸੱਚਾ ਨਾਮੁ, ਸਤਿਨਾਮੁ, ਸਚੁ ਗੁਰਮਤਿ ਨਾਮੁ ਇਕੋ ਹੀ ਹੈ, ਦੂਜਾ ਨਹੀਂ।

ਉਪਰਲੇ ਗੁਰਵਾਕ ਦੀ ਤੀਜੀ ਤੁਕ ਅੰਦਰਿ ਸਤਿਗੁਰੂ ਪਦਵੀ ਦੀ ਪਛਾਣ ਦੀ ਹੋਰ ਵਿਲੱਖਣ ਨਿਸ਼ਾਨੀ ਨਿਰੂਪਣ ਹੋਈ ਹੈ–"ਸੋਈ ਸਤਿਗੁਰੂ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ।" ਪੰਜੇ ਦੂਤ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਨੂੰ ਵਸ ਕਰ ਕੇ ਛਿਕੇ ਤੇ ਟੰਗ ਕੇ ਰਖਣਹਾਰਾ ਕੇਵਲ ਸਤਿਗੁਰੂ ਹੀ ਹੈ, ਹੋਰ ਕੋਈ ਨਹੀਂ ਹੋ ਸਕਦਾ। ਸੂਖਸ਼ਮ ਅੰਸ਼ ਤਾਂ ਏਹਨਾਂ ਪੰਜਾਂ ਦੀ ਸਭਨਾਂ ਦੇ ਅੰਦਰਿ ਹੀ ਰਹਿ ਜਾਂਦੀ ਹੈ, ਪਰ ਏਹਨਾਂ ਪੰਜਾਂ ਨੂੰ ਉੱਕਾ ਹੀ ਮਾਰ ਕੇ ਕਾਬੂ ਕਰਿ ਰੱਖਣਾ ਇਹ ਸਤਿਗੁਰੂ ਦਾ ਹੀ ਮਕਦੂਰ ਹੈ। ਵਿਰਲੇ ਤੋਂ ਵਿਰਲੇ ਖ਼ਾਸ ਗੁਰੂ ਨਦਰ ਨਦਰਾਏ ਸਿਖ ਦੀ ਇਸ ਪਦ ਪਹੁੰਚ ਹੋਵੇ ਤਾਂ ਹੋਵੇ, ਹਰ ਸਿੱਖ ਦੀ ਪਹੁੰਚ ਨਹੀਂ। ਮੀਣੇ ਤੇ ਝੂਠੇ ਅਲਪਗ ਗੁਰੂਆਂ ਦੀ ਤਾਂ ਏਥੇ ਦਾਲ ਨਹੀਂ ਗਲ ਸਕਦੀ। ਉਹਨਾਂ ਨੂੰ ਤਾਂ ਏਸੇ ਝੂਠੇ ਹੰਕਾਰ ਨੇ ਹੀ ਖਾ ਛੱਡਿਆ ਹੈ ਕਿ 'ਮੈਂ ਗੁਰੂ ਹਾਂ।' ਜਿਸ ਨੂੰ ਗੁਰੂ ਹੋਣ ਦੀ ਅਣਹੋਈ ਹੰਗਤਾ ਹੈ, ਉਸ ਦੀ ਪੰਜੇ ਦੂਤ ਵਸਗਤਿ ਕਰਨ ਦੀ ਕੀ ਪ੍ਰੋਖੋਂ ਹੋ ਸਕਦੀ ਹੈ?

ਜੇਹੜੇ ਨਿਗੁਰੇ ਨਿਗੋਸਾਏ, ਸਤਿਗੁਰੂ ਦੇ ਸ਼ਰੀਕ ਬਣਿ ਬਹਿਣ ਵਾਲੇ ਅਲਪਗ ਪੁਰਸ਼, ਸਤਿਗੁਰੂ ਦੇ ਸੱਚੇ ਸਿਖ ਕੇਵਲ ਬਣੇ ਬਿਨਾ ਹੀ ਆਪਣਾ ਆਪ ਜਣਾਉਂਦੇ ਫਿਰਦੇ ਹਨ, ਆਪਣੇ ਆਪ ਨੂੰ ਭੀ ਕੁਛ ਗਿਣਦੇ ਹਨ, ਤਿਨ੍ਹਾਂ ਦੇ ਅੰਦਰਿ ਨਿਰਾ ਕੂੜ ਹੀ ਵਸਿਆ ਹੋਇਆ ਹੁੰਦਾ ਹੈ। ਉਥੇ ਸਚ ਦਾ ਨਮੂਦ ਨਹੀਂ ਹੁੰਦਾ, ਸਚੁ ਨਾਮੁ ਤਾਂ ਕੀ ਹੋਣਾਸੀ। ਓਹਨਾਂ ਦੇ ਮੂੰਹ (ਚੇਹਰੇ) ਤੇ ਫਿਟਕਾਰ 'ਗੁਰੂ ਕੀ ਮਾਰ' ਛਾਈ ਹੋਈ ਹੁੰਦੀ ਹੈ ਅਤੇ ਨਿਰਾ ਫਿਕਾਪਣ ਹੀ ਛਾਇਆ ਹੋਇਆ ਹੁੰਦਾ ਹੈ। "ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ।" ਓਹ ਸਤਿਗੁਰੂ ਤੇ ਧੱਕੇ ਹੋਏ, ਗੁਰੂ ਘਰ ਤੋਂ ਬਾਈਕਾਟ ਕੀਤੇ ਹੋਏ ਕਾਲੇ ਮੂੰਹ ਵਾਲੇ ਕਿਸੇ ਨੂੰ ਬੋਲੇ ਵੀ ਨਹੀਂ ਭਾਉਂਦੇ–"ਓਇ ਬੋਲੈ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ।" ਗੁਰਮਤਿ ਸਚ ਤੋਂ ਘੁੱਥੇ ਹੋਏ ਗੁਰ-ਆਕੀਆਂ ਦੇ ਬੂਥੇ ਸਚਮੁੱਚ ਇਹੋ ਜਿਹੇ ਹੀ ਹੁੰਦੇ ਹਨ।

(ਗੁਰਮਤਿ ਸੱਚ ਨਿਰਣੈਂ ਪੁਸਤਕ ਵਿਚੋਂ)

• • • • • • •



www.AKJ.Org

# ਸਫਲ ਸ਼ਹਾਦਤ

(ਪ੍ਰਿੰ: ਸੱਜਣ ਸਿੰਘ ਜੀ)

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਮਹਾਨਤਾ ਕੇਵਲ ਉਦੇਸ਼ ਤੇ ਆਪਾ ਵਾਰਨ ਦੀ ਭਾਵਨਾ ਕਰਕੇ ਨਹੀਂ, ਬਲਕਿ ਇਸ ਦੇ ਸਫਲ ਪਰਿਣਾਮ ਕਰਕੇ ਵੀ ਹੈ। ਕਈ ਸੁੰਦਰ ਤੇ ਖੁਸ਼ਬੂਦਾਰ ਫੁੱਲ, ਗਲੇ ਦਾ ਹਾਰ ਬਣੇ ਬਿਨਾਂ ਹੀ ਜੰਗਲ ਵਿੱਚ ਖਿੜ ਕੇ ਕੁਮਲਾ ਜਾਂਦੇ ਹਨ। ਹੁਣ ਵੀ ਤਿਆਗੀ, ਇਕਾਂਤੀ ਤੇ ਤਪੱਸਵੀ ਪੁਰਸ਼ਾਂ ਦੀ ਬਹੁ-ਗਿਣਤੀ ਐਸੀ ਹੈ ਜਿਨ੍ਹਾਂ ਨੂੰ ਜਗਤ ਦੇ ਦੁੱਖਾਂ ਦੀ ਨਵਿਰਤੀ ਨਾਲ ਕੋਈ ਵਾਸਤਾ ਨਹੀਂ ਤੇ ਉਹ ਕੇਵਲ ਆਪਣਾ ਪਰਲੋਕ ਸੁਧਾਰਨ ਦੇ ਜਤਨ ਵਿਚ ਮਗਨ ਰਹਿੰਦੇ ਸਨ। ਇਸੇ ਕਾਰਨ ਆਮ ਸੰਸਾਰੀ ਜੀਵ ਇਸ ਤਰ੍ਹਾਂ ਸੋਚਦਾ ਹੈ ਕਿ ਜਿਹੜਾ ਵਿਅਕਤੀ ਦਰਦਮੰਦਾਂ ਦੇ ਦਰਦ ਵੰਡਾਉਣ ਦੀ ਭਾਵਨਾ ਨਹੀਂ ਰੱਖਦਾ, ਤੇ ਅਮਲੀ ਤੌਰ ਤੇ ਦੁੱਖਾਂ-ਸੁੱਖਾਂ ਦਾ ਸਾਂਝੀਵਾਲ ਨਹੀਂ ਬਣਦਾ, ਉਸ ਦੀ ਚੰਗਿਆਈ ਤੇ ਭਲਾਈ ਦਾ ਸਾਨੂੰ ਕੀ ਲਾਭ ?

ਗੁਰਦੇਵ ਜੀ ਇੱਕ ਪਾਸੇ ਜੰਗ ਵਿਚ ਤੇਗ਼-ਜ਼ਨੀ ਦੇ ਹੁਨਰ ਦਾ ਕਮਾਲ ਦਿਖਾ ਕੇ ਤੇਗ ਬਹਾਦਰ ਦੇ ਨਾਮ ਨਾਲ ਸਨਮਾਨੇ ਗਏ, ਦੂਸਰੇ ਪਾਸੇ ਬਕਾਲਾ ਸਾਹਿਬ ਵਿੱਚ ਲਗਾਤਾਰ ਘੋਰ ਤਪੱਸਿਆ ਦੇ ਨਾਮ ਸਿਮਰਨ ਦੇ ਸਦਕੇ ਮਹਾਨ ਤਿਆਗੀ ਤੇ ਬੈਰਾਗੀ ਦੇ ਰੂਪ ਵਿੱਚ ਉਜਾਗਰ ਹੋਏ। ਏਨ੍ਹਾਂ ਦੋਹਾਂ ਦੈਵੀ ਗੁਣਾ ਦੇ ਸੁਜੋੜ ਨੇ ਬੇਮਿਸਾਲ ਸ਼ਹਾਦਤ ਦਾ ਬੀਜ ਬੋ ਕੇ ਸਮੁੱਚੇ ਸਿੱਖ ਜਗਤ ਨੂੰ ਅਣਖ ਤੇ ਆਤਮ-ਸਮਰਪਨ ਦੀਆਂ ਭਾਵਨਾਵਾਂ ਨਾਲ ਰੰਗ ਦਿੱਤਾ।

ਬਾਦਸ਼ਾਹ ਤੇ ਪਾਤਸ਼ਾਹ ਦੀ ਜੰਗ ਬਹੁਤ ਮਹੱਤਵ-ਪੂਰਨ ਸੀ। ਜ਼ੁਲਮ, ਜਬਰ ਦੀ ਇੰਤਹਾ ਅਤੇ ਸਬਰ ਸਿਦਕ ਦੇ ਸਿਖਰ ਦਾ ਸੰਘਰਸ਼ ਸੀ। ਔਰੰਗਜ਼ੇਬ ਪ੍ਰੇਰਨਾ ਦੁਆਰਾ, ਲਾਲਚ ਨਾਲ ਤੇ ਜ਼ੁਲਮ ਦੀ ਤਲਵਾਰ ਨਾਲ, ਗੁਰਦੇਵ ਜੀ ਨੂੰ ਅਧੀਨ ਕਰਕੇ ਆਪਣੇ ਪਰਉਪਕਾਰੀ ਨਿਸ਼ਾਨੇ ਤੋਂ ਗਿਰਾਉਣਾ ਚਾਹੁੰਦਾ ਸੀ, ਤੇ ਮਾਨਸਕ ਤੌਰ ਤੇ ਹਰਾਉਣਾ ਚਾਹੁੰਦਾ ਸੀ। ਹਜ਼ੂਰ ਦਾ ਨਿਸ਼ਾਨਾ ਅਝੁੱਕ ਰਹਿ ਕੇ ਆਪਣੇ ਸਰੀਰ ਤੱਕ ਦਾ ਬਲੀਦਾਨ ਕਰਨਾ ਸੀ, ਔਰੰਗਜ਼ੇਬ ਨੇ ਸਮਝਿਆ ਹੋਵੇਗਾ ਕਿ ਮੈਂ ਨੇ ਸ਼ਾਹੀ ਫ਼ੁਰਮਾਨ ਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦਾ ਸਿਰ ਕਲਮ ਕਰ ਕੇ ਸੱਚ ਦੀ ਆਵਾਜ਼ ਨੂੰ ਕੁਚਲ ਦਿੱਤਾ ਹੈ, ਪਰ ਉਸ ਨੇ ਹਕੂਮਤ ਦੇ ਨਸ਼ੇ ਵਿਚ ਇਹ ਨਹੀਂ ਵਿਚਾਰਿਆ ਕਿ ਜਾਨ ਲੈਣਾ ਆਖ਼ਰੀ ਹਥਿਆਰ ਹੈ, ਪਰ ਵਾਸਤਵ ਵਿੱਚ ਇਹ ਜਿੱਤ ਨਹੀਂ, ਹਾਰ ਹੈ। ਸਮੇਂ ਦੀ ਚਾਲ ਨੇ ਪਰਤੱਖ ਦਿਖਾ ਦਿੱਤਾ ਕਿ ਜ਼ਾਲਮ ਮੁਗ਼ਲ ਹਕੂਮਤ ਦੀ ਝੋਲੀ ਵਿੱਚ ਸ਼ਿਕੱਸਤ ਦਾ ਤੁਹਫਾ ਪਿਆ ਤੇ ਮਹਾਨ ਸ਼ਹੀਦ ਸੂਰੇ ਨੂੰ ਸ਼ਾਨਦਾਰ ਫ਼ਤਹ ਦਾ ਅਮਰ ਨਿਸ਼ਾਨ ਪ੍ਰਾਪਤ ਹੋਇਆ।

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਜੇ ਕਿਸੀ ਸ਼ਹਾਦਤ ਬਾਅਦ ਸ਼ਹੀਦ ਦੇ ਪਾਏ ਪੂਰਨਿਆਂ ਤੇ ਕੋਈ ਚੱਲ ਨ ਸਕੇ, ਉਸ ਦੀ ਬੁਲੰਦ ਆਵਾਜ਼ ਨੂੰ ਕੋਈ ਦੁਹਰਾ ਨ ਸਕੇ ਤੇ ਉਸ ਤਹਰੀਕ ਦਾ ਅੰਤ ਹੋ ਜਾਵੇ ਤਾਂ ਇਹ ਗੱਲ ਕਹਿਣੀ ਬਣਦੀ ਹੈ ਕਿ ਸ਼ਹੀਦ ਦੀ ਮ੍ਰਿਤੂ ਹੋਈ ਹੈ। ਪਰ ਜੇ ਇਕ ਬਲੀਦਾਨ ਉਪਰੰਤ ਅਨੇਕਾਂ ਮਰਜੀਵੜੇ ਆਪਣੀ ਜਾਨ ਤਲੀ ਤੇ ਰੱਖ ਕੇ ਮੈਦਾਨ ਵਿੱਚ ਆ ਨਿੱਤਰਨ ਤੇ ਚਲਾਏ ਹੋਏ ਅੰਦੋਲਨ ਨੂੰ ਹੋਰ ਸ਼ਕਤੀਸ਼ਾਲੀ ਬਣਾ ਦੇਣ ਤਾਂ ਸ਼ਹੀਦ ਸਦਾ ਲਈ ਅਮਰ ਹੋਇਆ ਸਮਝਿਆ ਜਾਂਦਾ ਹੈ।

ਔਰੰਗਜ਼ੇਬ ਰਾਮ ਰਾਇ ਨੂੰ ਕਰਾਮਾਤ ਦੇ ਜਾਲ ਵਿੱਚ ਫਸਾ ਕੇ ਖ਼ੁਸ਼ਾਮਦੀ ਬਨਾਉਣ ਵਿੱਚ ਸਫ਼ਲ ਹੋ ਗਿਆ ਸੀ। ਉਸ ਨੇ ਇਹ ਨੀਤੀ, ਕਈ ਦਰਵੇਸ਼ਾਂ ਦੀ ਪ੍ਰੀਖਿਆ ਲੈਣ ਲਈ ਵਰਤੀ। ਹਜ਼ੂਰ ਨੂੰ ਵੀ ਕਰਾਮਾਤ ਵਿਖਾਉਣ ਲਈ ਆਖਿਆ ਗਿਆ ਸੀ, ਪਰ ਔਰੰਗਜ਼ੇਬ ਦੀ ਇਹ ਚਾਹ ਸ਼ਹਾਦਤ ਤੋਂ ਪਹਿਲਾਂ ਤਾਂ ਨਹੀਂ, ਸ਼ਹੀਦੀ ਦੇ ਬਾਅਦ ਪੂਰੀ ਹੋ ਗਈ।

ਧਾਰਮਕ ਸੁਤੰਤਰਤਾ ਤੇ ਮਾਨਵਤਾ ਦੇ ਹੱਕਾਂ ਦੀ ਖ਼ਾਤਰ ਕੀਤੀ ਇਸ ਕੁਰਬਾਨੀ ਨੇ ਸਾਰੇ ਭਾਰਤ ਨੂੰ, ਤੇ ਵਿਸ਼ੇਸ਼ ਤੌਰ ਤੇ ਦਿੱਲੀ ਦੇ ਗੁਰਸਿੱਖਾਂ ਦੀ ਆਤਮਾ ਨੂੰ ਵਲੂੰਦਰ ਕੇ ਰੱਖ ਦਿੱਤਾ। ਕਈ ਸਬਰ ਦੇ ਘੁੱਟ ਪੀ ਕੇ ਬਹਿ ਗਏ, ਕਈਆਂ ਨੇ ਕੁਝ ਕਰਨ ਦੀ ਠਾਨ ਲਈ। ਹਿਰਦੇ ਦੀ ਵੇਦਨਾ ਨੇ, ਪਤਾ ਨਹੀਂ, ਕਿਹੜੇ



www.AKJ.Org

ਕਿਹੜੇ ਰੂਪ ਧਾਰਨ ਕੀਤੇ। ਸਾਰਾ ਜਗਤ ਭੈ-ਭੀਤ, ਤੇ ਸੋਗ ਨਾਲ ਭਰ ਗਿਆ। ਹਕੂਮਤ ਪ੍ਰਤੀ 'ਹੈ ਹੈ' ਤੇ ਫਿਟਕਾਰ ਦੇ ਬਚਨ ਆਪ-ਮੁਹਾਰੇ ਨਿਕਲੇ; ਪਰ ਇਸ ਦੇ ਵਿਪਰੀਤ ਸੁਰ ਲੋਕ ਵਿੱਚ ਅਥਾਹ ਸ਼ਰਧਾ ਭਰਪੂਰ ਸਵਾਗਤ ਹੋਇਆ ਤੇ ਉਪਕਾਰ ਭਰੀ ਬੇਗਰਜ਼ ਸ਼ਹਾਦਤ ਦੇ ਸਨਮਾਨ ਵਜੋਂ 'ਜੈ ਜੈਕਾਰ' ਦੀਆਂ ਧੁਨੀਆਂ ਨਾਲ ਸਮੂਹ ਪੁਰੀਆਂ ਤੇ ਲੋਕ ਗੂੰਜਣ ਲੱਗ ਪਏ–

ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥੧੬॥

ਰੱਬੀ ਨੂਰ ਤੇ ਹੋਏ ਬੇਅੰਤ ਤਸੀਹੇ ਤੇ ਇਸ ਦਰਦਨਾਕ ਸਾਕੇ ਨੂੰ ਤੱਕ ਕੇ ਕਾਦਰ ਦੀ ਕੁਦਰਤ ਦਾ, ਰੋਸ ਵਜੋਂ ਅਸਾਧਾਰਣ ਰੂਪ ਤੱਕਣ ਵਿਚ ਆਇਆ। ਹਜ਼ੂਰ ਦੇ ਪਾਵਨ ਸਰੀਰ ਦੀ, ਮੁਗਲ ਹਕੂਮਤ ਨਿਰਾਦਰੀ ਨ ਕਰੇ, ਅਗੰਮੀ ਕਲਾ ਕਰਾਮਾਤ ਦੇ ਰੂਪ ਵਿੱਚ ਵਰਤ ਗਈ। ਝੱਖੜ ਅੰਧੇਰੀ ਤੇ ਤੂਫ਼ਾਨ ਨੇ ਚਾਂਦਨੀ ਚੌਂਕ ਦਾ ਇਲਾਕਾ ਆਪਣੇ ਘੇਰੇ ਵਿੱਚ ਲੈ ਲਿਆ। ਦੈਵੀ ਗੁਪਤ ਪ੍ਰੇਰਨਾ ਨੇ ਪਿਆਰੇ ਗੁਰਸਿੱਖਾਂ ਨੂੰ ਸਾਹਸੀ ਤੇ ਬਲਵਾਨ ਬਣਾ ਕੇ ਬਿਖਮ ਘਾਲ ਕਰਨ ਦਾ ਉੱਦਮ ਬਖਸ਼ਿਆ। ਇਸ ਅਫਰਾ ਦਫਰੀ ਵਿਚ ਮਹਾਰਾਜ ਦਾ ਪਾਵਨ ਸੀਸ ਭਾਈ ਜੈਤਾ ਨੇ ਉਠਾ ਕੇ ਆਨੰਦਪੁਰ ਸਾਹਿਬ ਪਹੁੰਚਾ ਦਿੱਤਾ। ਪਾਵਨ ਧੜ ਦੀ ਸੇਵਾ ਕਰਨ ਦਾ ਮਾਣ ਭਾਈ ਲਖੀ ਸ਼ਾਹ ਵਣਜਾਰੇ ਨੂੰ ਪ੍ਰਾਪਤ ਹੋਇਆ, ਜਿਸ ਨੇ ਰਕਾਬਗੰਜ ਵਿਚ ਸਸਕਾਰ ਕਰਨ ਦੀ ਆੜ ਵਿਚ ਆਪਣੇ ਘਰ ਨੂੰ ਵੀ ਅੱਗ ਲਾ ਕੇ ਭਸਮ ਕਰ ਦਿੱਤਾ। ਇਹ ਕੌਤਕ ਕਰਾਮਾਤ ਤੋਂ ਘੱਟ ਨਹੀਂ ਸੀ। ਔਰੰਗਜ਼ੇਬ ਦਾ ਸਾਰਾ ਮਿਥਿਆ ਹੋਇਆ ਪ੍ਰੋਗਰਾਮ ਭੰਗ ਹੋ ਗਿਆ।

ਗੁਰੂ ਤੇਗ ਬਹਾਦਰ ਸਾਹਿਬ ਦੀ ਨਿਸ਼ਕਾਮ ਸ਼ਹਾਦਤ ਦੇ ਪ੍ਰਤੀਕਰਮ ਤੋਂ ਔਰੰਗਜ਼ੇਬ ਦਾ ਭਵਿੱਖ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕਿਆ। ਜਿਸ ਧਰਤੀ ਤੇ ਹਜ਼ੂਰ ਦਾ ਖ਼ੂਨ ਡੁੱਲ੍ਹਿਆ, ਉਸ ਧਰਤੀ ਤੇ ਔਰੰਗਜ਼ੇਬ ਜ਼ਿਆਦਾ ਦੇਰ ਰੁਕ ਨਹੀਂ ਸਕਿਆ। ਅੰਤ ਨੂੰ ਉਹ ਸਮਾਂ ਭੀ ਆਇਆ ਜਦ ਉਸ ਨੇ ਅਨੁਭਵ ਕੀਤਾ ਤੇ ਸਵੀਕਾਰ ਕੀਤਾ ਕਿ ਉਸ ਨੇ ਆਪਣਾ ਜੀਵਨ ਬੇਗੁਨਾਹਾਂ ਤੇ ਨਿਰਦੋਸ਼ਾਂ ਦੇ ਖ਼ੂਨ ਨਾਲ ਰੰਗਿਆ ਹੈ ਤੇ ਕਿਆਮਤ ਦੇ ਦਿਨ ਉਹ ਮੁਜਰਮ ਦੀ ਹੈਸੀਅਤ ਵਿਚ ਖੜਾ ਹੋਵੇਗਾ।

ਭਾਰਤ ਦੇ ਵਸਨੀਕਾਂ ਨੂੰ ਏਨੀ ਸੋਝੀ ਜ਼ਰੂਰ ਹੋਈ ਕਿ ਸਾਡਾ, ਅਨਾਥਾਂ ਦਾ, ਨਿਮਾਣਿਆਂ ਦਾ, ਸੰਸਾਰ ਵਿਚ ਕੋਈ ਹੈ। ਇਸ ਭਾਵਨਾ ਅਧੀਨ ਸਾਹਿਬ ਸ੍ਰੀ ਤੇਗ ਬਹਾਦਰ ਨੂੰ ਹਿੰਦ ਦੀ ਚਾਦਰ ਕਹਿ ਕੇ ਪੁਕਾਰਿਆ ਜਾਂਦਾ ਹੈ। ਹੈ ਵੀ ਠੀਕ, ਜਿਵੇਂ ਚਾਦਰ ਕਿਸੇ ਵਿਅਕਤੀ ਦੇ ਸਰੀਰ ਨੂੰ ਢੱਕਦੀ ਹੈ, ਪਾਲੇ ਕੱਕਰ ਤੋਂ ਬਚਾਉਂਦੀ ਹੈ, ਤਿਵੇਂ ਹੀ ਗੁਰਦੇਵ ਜੀ ਨੇ ਹਿੰਦ ਨੂੰ ਮੁਗਲ ਹਕੂਮਤ ਦੇ ਜਬਰੀ ਧਰਮ ਪ੍ਰੀਵਰਤਨ ਤੋਂ ਬਚਾਇਆ ਤੇ ਇਸ ਦੇ ਬਦਲੇ ਆਪਣਾ ਖ਼ੂਨ ਪਰਦਾਨ ਕੀਤਾ ਹੈ।

ਮਹਾਨ ਕੁਰਬਾਨੀ ਦਾ ਰੰਗ ਸਿਦਕੀ ਸਿੱਖਾਂ ਦੇ ਮਨਾਂ ਉੱਤੇ ਚੜ੍ਹਿਆ ਪਰਤੱਖ ਦਿਸਦਾ ਹੈ, ਜਦ ਕੁਝ ਸਮੇਂ ਬਾਅਦ ਇੱਕ ਸਿੱਖ ਨੇ ਗੁੱਸੇ ਤੇ ਬੀਰ ਰਸ ਦੀ ਭਾਵਨਾ ਅਧੀਨ ਜਾਮਾ ਮਸਜਿਦ ਵਿਚ ਔਰੰਗਜ਼ੇਬ ਨੂੰ ਪੱਥਰ ਜਾਂ ਇੱਟ ਮਾਰਨ ਦੀ ਜੁਰਅਤ ਕੀਤੀ। ਉਸ ਦੀ ਜਾਨ ਤਾਂ ਬਚ ਗਈ, ਪਰ ਇਹ ਸਪਸ਼ੱਟ ਹੋ ਗਿਆ ਕਿ ਸਿੱਖ ਕੌਮ ਹੁਣ ਆਰਾਮ ਨਾਲ ਨਹੀਂ ਬੈਠੇਗੀ, ਨਾ ਬੈਠਣ ਦੇਵੇਗੀ।

ਇਸ ਮਹਾਨ ਬਲੀਦਾਨ ਨੇ ਬਾਲਾ ਪ੍ਰੀਤਮ ਗੋਬਿੰਦ ਰਾਇ ਨੂੰ ਸਿੱਖੀ ਦੀ ਰੂਪ-ਰੇਖਾ ਤੇ ਫ਼ਿਲਾਸਫ਼ੀ ਨੂੰ ਨਵੇਂ ਰੂਪ ਵਿਚ ਢਾਲਣ ਲਈ ਪ੍ਰੇਰਤ ਕੀਤਾ। ਆਪ ਜੀ ਨੇ ਗੁਰ ਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਗੁਰਸਿੱਖਾਂ ਦੀ ਸੋਚਣੀ, ਰਹਿਣੀ ਬਹਿਣੀ ਤੇ ਕਹਿਣੀ ਵਿਚ ਜ਼ਬਰਦਸਤ ਇਨਕਲਾਬ ਲਿਆਉਣ ਲਈ ਉਚਿਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ। ਬੇਸ਼ਕ ਇਸ ਤਰ੍ਹਾਂ ਦਾ ਇਨਕਲਾਬ ਪੰਚਮ ਪਾਤਸ਼ਾਹ ਦੀ ਸ਼ਹਾਦਤ ਬਾਅਦ ਵੀ ਆਇਆ ਸੀ, ਪਰ ਹੁਣ ਦਸਮੇਸ਼ ਪਿਤਾ ਜੀ ਨੇ ਗੁਰਸਿੱਖੀ ਨੂੰ ਅੰਤਮ ਛੁਹ ਦੇ ਕੇ ਅੰਮ੍ਰਿਤ ਛਕਾਉਣ, ਖਾਲਸਾ ਸਜਾਉਣ ਤੇ ਪੰਜਾਂ ਪਿਆਰਿਆਂ ਵਿਚ ਆਪਣੀ ਜੋਤਿ ਪਰਵੇਸ਼ ਕਰ ਕੇ ਨਾਮ ਦੇਣ ਦੇ ਅਧਿਕਾਰੀ ਬਣਾਉਣਾ ਸੀ।

ਵਿਸ਼ਾਲ ਮੁਗਲ ਸਾਮਰਾਜ ਨਾਲ ਟੱਕਰ ਅਰੰਭ ਹੋ ਗਈ। ਹਜ਼ੂਰ ਦੇ ਚਾਰੇ ਸਾਹਿਬਜ਼ਾਦਿਆਂ ਨੇ(ਵੱਡਿਆਂ ਨੇ ਚਮਕੌਰ ਦੀ ਗੜ੍ਹੀ ਵਿਚ ਤੇ ਛੋਟਿਆਂ ਨੇ ਸਰਹਿੰਦ ਦੀ ਦੀਵਾਰ ਵਿਚ)ਜੂਝਣ ਸਮੇਂ ਆਪਣੇ ਦਾਦਾ ਜੀ


www.AKJ.Org

ਨੂੰ ਸਨਮੁਖ ਤੱਕਦਿਆਂ ਹੱਸ ਹੱਸ ਕੇ ਆਪਾ ਵਾਰਿਆ। ਇਸ ਬਾਅਦ ਕਈ ਸਾਲਾਂ ਦੇ ਸ਼ੰਘਰਸ਼ ਪਿੱਛੋ ਖਾਲਸੇ ਨੇ ਮੁਗਲ ਹਕੂਮਤ ਦਾ ਬੀਜ ਨਾਸ ਕਰ ਕੇ ਹੀ ਸਾਹ ਲਿਆ।

ਖਾਲਸਾ ਸਜਾਉਣ ਦਾ ਮਹਾਨ ਸਮਾਗਮ ਅੱਜ ਤੋਂ 300 ਸਾਲ ਪਹਿਲਾਂ ਰਚਿਆ ਸੀ। ਏਨੇ ਲੰਮੇ ਸਮੇਂ ਵਿਚ ਬੇਅੰਤ ਘਟਨਾਵਾਂ ਵਾਪਰੀਆਂ। ਸਿੱਖ ਕੌਮ ਜੰਗਜੂ ਕੌਮ (martial Race)ਦੇ ਰੂਪ ਵਿਚ ਉਭਰ ਕੇ ਸਾਹਮਣੇ ਆਈ।ਇਸ ਨੇ ਸਿੱਖ ਰਾਜ ਸਥਾਪਤ ਕਰ ਕੇ ਇਨਸਾਨੀਅਤ ਤੇ ਸਾਂਝੀਵਾਲਤਾ ਦਾ ਨਮੂਨਾ ਪੇਸ਼ ਕੀਤਾ। ਜਿਸ ਸੁਨਹਿਰੀ ਮਸਜਿਦ ਤੋਂ ਸ਼ਹਾਦਤ ਦਾ ਜਾਮ ਪਿਲਾਉਣ ਦਾ ਫੁਰਮਾਨ ਜਾਰੀ ਹੋਇਆ ਸੀ, ਉਸ ਦਾ ਸੁੰਗੜਿਆ ਹੋਇਆ ਆਕਾਰ ਹੁਣ ਸ੍ਰੀ ਸੀਸ ਗੰਜ ਗੁਰ ਅਸਥਾਨ ਕੋਲ ਦੇਖਿਆ ਜਾ ਸਕਦਾ ਹੈ।

ਜਿਸ ਮੁਤਅੱਸਬੀ ਜਾਬਰ ਬਾਦਸ਼ਾਹ ਨੇ ਸਤਿਗੁਰੂ ਦੇ ਸਰੀਰਕ ਸਰੂਪ ਨਾਲ ਖੂਨ ਦੀ ਹੋਲੀ ਖੇਲੀ ਉਸ ਦਾ ਅੰਤ ਔਰੰਗਾਬਾਦ ਵਿਚ ਬਹੁਤ ਦੁਖਦਾਈ ਤੇ ਪਛਤਾਵੇ ਭਰਪੂਰ ਹੋਇਆ। ਆਲਮਗੀਰ ਹੁਕਮਰਾਨ ਦਾ ਬੁਢਾਪਾ ਭੀ ਵੈਰੀ ਬਣ ਗਿਆ। ਬੇਬਸੀ ਤੇ ਲਾਚਾਰਗੀ ਦੀ ਹਾਲਤ ਵਿਚ ਕੋਈ ਅਜ਼ੀਜ਼ (ਪਿਆਰਾ) ਕੋਲ ਨਹੀ ਸੀ, ਜਿਹੜਾ ਪਾਣੀ ਦਾ ਘੁੱਟ ਪਿਲਾ ਸਕੇ।ਅੰਤ ਨੂੰ ਇਕ ਛੁੱਟੜ ਰੋਗੀ ਵਾਂਗਰ ਦੁਨੀਆਂ ਤੋ ਕੂਚ ਕਰ ਗਿਆ।ਹੁਣ ਉਸ ਦੀ ਕਬਰ ਤੇ ਸਤਿਕਾਰ ਸਹਿਤ ਚਰਾਗ ਜਗਾਉਣ ਵਾਲਾ ਕੋਈ ਨਹੀ, ਜੇ ਕੋਈ ਹੈ ਤਾਂ ਤੇਲ ਲਈ ਪੈਸੇ ਪੈਸੇ ਦਾ ਮੁਹਤਾਜ ਹੈ।

ਸੱਚੇ ਸਾਹਿਬ ਗੁਰਦੇਵ ਜੀ । ਧੰਨ ਧੰਨ ਹੈ ਆਪ ਦੀ ਉਪਕਾਰ ਭਰੀ ਕੁਰਬਾਨੀ। ਜਿਸ ਧਰਤੀ ਤੇ ਆਪ ਜੀ ਦਾ ਪਾਵਨ ਖੂਨ ਡੁੱਲ੍ਹਿਆਂ ਉਸ ਥਾਂ ਵਿਸ਼ਾਲ ਗੁਰਦੁਆਰਾ, ਸੀਸ ਗੰਜ ਸਾਹਿਬ ਸਸ਼ੋਭਿਤ ਹੈ। ਇਹ ਐਸਾ ਸਰਬ ਸਾਂਝਾ ਸੱਚਾ ਦਰਬਾਰ ਹੈ ਜਿਥੇ ਹਰੇਕ ਵਰਗ ਦਾ ਸਰਧਾਲੂ ਪਾਵਨ ਧਰਤੀ ਦੀ ਚਰਨ ਧੂੜੀ ਪਰਸਣ ਲਈ ਹਾਜਰੀ ਭਰਦਾ ਹੈ, ਦੁਨੀਆਵੀ ਬਖਸ਼ਸ਼ ਤੇ ਆਤਮ ਕਲਿਆਣ ਦੀ ਦਾਤਿ ਨਾਲ ਦਾਮਨ ਭਰ ਕੇ ਆਪਣੇ ਆਪ ਨੂੰ ਵਡਭਾਗਾ ਸਮਝਦਾ ਹੈ। ਦਸਮੇਸ਼ ਪਿਤਾ ਦੇ ਅਮੁੱਲ ਬਚਨ ਭੂਤ ਭਵਿੱਖ ਵਰਤਮਾਨ ਵਿਚ ਸੰਤ ਤੇ ਅਟੱਲ ਹਨ:

ਤੇਗ ਬਹਾਦਰ ਸਿਮਰਿਐ ਘਰ ਨਉਨਿਧਿ ਆਵੈ ਧਾਇ।। • • •

## ਗੁਰਬਾਣੀ ਕੀਰਤਨ ਦੌਰਾਨ ਪੋਥੀ ਦਾ ਸਤਿਕਾਰ

ਆਮ ਵੇਖਣ ਵਿਚ ਆਉਂਦਾ ਹੈ ਕਿ ਅਖੰਡ ਕੀਰਤਨੀ ਜੱਥੇ ਦੇ ਸਮਾਗਮਾਂ ਦੌਰਾਨ ਕੀਰਤਨੀਏ ਵੀਰ ਭੈਣਾਂ ਜਿਥੇ ਬੜੇ ਪ੍ਰੇਮ, ਵੈਰਾਗ ਅਤੇ ਹਉ ਲੋਟ ਪੋਟ ਹੋਇ ਪਈਆ ਵਾਲੀ ਅਵਸਥਾ ਵਿਚ ਗੁਰਬਾਣੀ ਗਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ, ਉਥੇ ਬਹੁਤੀਆਂ ਥਾਵਾਂ ਤੇ ਗੁਰਬਾਣੀ ਦੀਆਂ ਪੋਥੀਆਂ ਦੇ ਸਤਿਕਾਰ ਵੱਲੋਂ ਬਹੁਤ ਹੀ ਲਾਪਰਵਾਹੀ ਵਰਤੀ ਜਾਂਦੀ ਹੈ। ਕਈ ਥਾਵਾਂ ਤੇ ਤਾਂ ਕੀਰਤਨੀਆ ਜਿਸ ਵੇਲੇ ਲੋਰ ਵਿਚ ਆ ਕੇ ਧੁਨੀ ਗੰਜਾਉਣ ਵਿਚ ਮਸਤ ਹੁੰਦਾ ਹੈ ਤਾਂ ਪੋਥੀ ਵਾਜੇ ਤੋਂ ਡਿੱਗ ਹੀ ਪੈਂਦੀ ਹੈ। ਹੋਰ ਆਮ ਤੌਰ ਤੇ ਪੋਥੀ ਦਾ ਪੰਨਾ ਪਲਟੇ ਜਾਣ ਤੋਂ ਰੋਕਣ ਲਈ ਪੋਥੀ ਉਤੇ ਕੜਾ, ਘੜੀ, ਪੈਨ, ਖੜਤਾਲ ਜਾਂ ਇਸ ਤਰ੍ਹਾ ਦੀ ਕੋਈ ਹੋਰ ਵਸਤੂ ਰੱਖ ਦਿੱਤੀ ਜਾਂਦੀ ਹੈ। ਕਿਸੇ ਥਾਂ ਤੇ ਤਾਂ ਕਈ ਗੁਰਮੁਖ ਪਿਆਰਿਆਂ ਨੇ, ਪੋਥੀ ਦੇ ਕੁਝ ਪੰਨਿਆਂ ਨੂੰ ਪੇਪਰ ਪਿੰਨਾ ਲਗੀਆਂ ਹੋਈਆਂ ਦੇਖ ਕੇ ਬੜਾ ਦੁੱਖ ਮਹਿਸੂਸ ਕੀਤਾ ਹੈ। ਇਹ ਸਭ ਕਾਰਵਾਈਆਂ ਗੁਰਬਾਣੀ ਦੀ ਘੋਰ ਬੇਅਦਬੀ ਹੈ। ਗੁਰੂ ਸਾਹਿਬ ਦੇ ਹੁਕਮ ਅਨੁਸਾਰ 'ਪੋਥੀ ਪਰਮੇਸਰ ਕਾ ਥਾਨੁ' ਹੈ। ਇਸ ਲਈ ਇਸ ਦਾ ਸਤਿਕਾਰ ਕਰਨਾ ਹਰ ਸਿੱਖ ਲਈ ਅਤੀ ਜ਼ਰੂਰੀ ਹੈ।

*ਗੁਰਬਾਣੀ ਕੀਰਤਨ ਦੌਰਾਨ ਪੋਥੀ ਦੀ ਬੇਅਦਬੀ ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਕੀਰਤਨ ਕੰਠ ਗੁਰਬਾਣੀ ਦਾ ਕੀਤਾ ਜਾਵੇ।* ਫਿਰ ਵੀ ਕਿਸੇ ਭੁੱਲ ਤੋਂ ਬਚਣ ਲਈ ਪੋਥੀ ਦੀ ਸਹਾਇਤਾ ਜ਼ਰੂਰੀ ਹੈ ਤਾਂ ਪੋਥੀ ਨੂੰ ਕੀਰਤਨੀਏ ਦੇ ਨਾਲ ਹੀ ਅਲੱਗ ਚੌਂਕੀ ਜਾਂ ਰੇਹਲ ਤੇ ਰੁਮਾਲਾ ਵਿਛਾ ਕੇ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ। ਕੀਰਤਨੀਏ ਦੇ ਨਾਲ ਬੈਠਣ ਵਾਲਾ ਸੱਜਣ ਪੋਥੀ ਦੇ ਪੰਨਿਆਂ ਦੇ ਪਰਤਣ ਦਾ ਖਿਆਲ ਰੱਖੇ ਅਤੇ ਜਿਥੇ ਕੀਰਤਨੀਆਂ ਭੁੱਲਦਾ ਹੋਵੇ ਉੱਥੇ ਉਸਦੀ ਸਹਾਇਤਾ ਕਰੇ। ਤਾਂ ਹੀ ਅਸੀਂ ਗੁਰਬਾਣੀ ਦੀ ਬੇਅਦਬੀ ਤੋਂ ਬਚ ਸਕਾਂਗੇ।


www.AKJ.Org

# ਗੁਰੂ ਨਾਨਕ ਦਾ ਗੁਣਤੰਤਰ

(ਸ੍ਰ: ਰਤਿੰਦਰ ਸਿੰਘ ਜੀ)

ਆਦਿ ਕਾਲ ਤੋਂ ਹੌਲੀ-ਹੌਲੀ ਵਿਕਸਤ ਹੋਈ ਮੱਨੁਖੀ ਸਭਿੱਅਤਾ ਨੇ ਜਦ ਸਮਾਜਕ ਬਣਤਰ ਅਤੇ ਸਮਾਜਿਕ ਪ੍ਰਬੰਧ ਨੂੰ ਚਲਾਉਣ ਹਿਤ ਪ੍ਰਬੰਧਕੀ ਢਾਂਚੇ ਨੂੰ ਸਿਰਜਿਆ ਤਾਂ ਅਣਭੋਲਤਾ, ਅਗਿਆਨਤਾ ਦੇ ਕਾਰਣ ਕੁੱਝ ਐਸੇ ਪ੍ਰਬੰਧਾਂ ਨੂੰ ਜਨਮ ਦਿੱਤਾ ਕਿ ਜਿਨ੍ਹਾਂ ਪ੍ਰਬੰਧਕਾਂ ਦੇ ਕਾਰਣ ਮਨੁਖਤਾ ਦਾ ਬਹੁਤਾ ਵਰਗ ਆਪਣੇ ਜੀਵਨ ਨੂੰ ਚੰਦ ਕੁ ਸ਼ਾਤਰ ਮਨੁੱਖਾਂ ਦੇ ਹੱਥ ਵਿਚ ਸੌਂਪ ਕੇ ਆਪ ਲਗਭਗ ਪਸ਼ੂਆਂ ਵਰਗਾ ਜੀਵਨ ਜੀਊਣ ਤੇ ਮਜ਼ਬੂਰ ਰਿਹਾ। ਦੁਨੀਆਂ ਦੇ ਹਰ ਖਿੱਤੇ ਤੇ ਵਹਿਸ਼ੀਆਨਾ ਸਰੀਰਕ ਬਲ ਦੇ ਧਾਰਨੀ ਕੁਝ ਕੁ ਲੋਕ ਆਮ ਲੋਕਾਂ ਤੇ ਤਾਨਾਸ਼ਾਹੀ ਤਰੀਕੇ ਨਾਲ ਕਬੀਲਾਈ ਮਾਨਸਿਕਤਾ ਵਾਲਾ ਰਾਜ ਪ੍ਰਬੰਧ ਚਲਾਉਂਦੇ ਰਹੇ। ਜੇ ਕਿਸੇ ਅਜਿਹੇ ਰਾਜ ਪ੍ਰਬੰਧ ਨੂੰ ਕਿਸੇ ਜ਼ਾਬਤੇ ਅਥਵਾ ਵਿਧਾਨ ਦੇ ਤਹਿਤ ਚਲਾਉਣ ਦੀ ਗੱਲ ਤੁਰੀ ਵੀ ਤਾਂ ਸ਼ਾਤਰ ਲੋਕਾਂ ਨੇ ਆਮ ਮਨੁੱਖਾਂ ਤੇ ਆਪਣੀ ਧਿੰਗੋਜ਼ੋਰੀ ਪਕੜ ਬਣਾਈ ਰੱਖਣ ਲਈ 'ਮੰਨੂ ਸਿਮ੍ਰਤੀ' ਵਰਗਾ ਵਿਧਾਨ ਘੜ ਮਾਰਿਆ। ਇਸ ਅਣਮਨੁੱਖੀ ਗ੍ਰੰਥ ਨੂੰ ਧਰਮੀ ਰਾਜ ਪ੍ਰਬੰਧ ਦਾ ਵਿਧਾਨ ਦੱਸ ਕੇ ਸਦੀਆਂ ਤੱਕ ਤਾਨਾਸ਼ਾਹੀ ਜ਼ੁਲਮ ਜਾਰੀ ਰੱਖੇ। ਪੱਛਮੀ ਦੇਸ਼ਾਂ 'ਚ ਜਨਮੇ ਇਸਲਾਮਕ ਅਤੇ ਹੋਰ ਰਾਜ ਪ੍ਰੰਬਧ ਵੀ ਲਗਭਗ ਇਹੋ ਜਿਹੀਆਂ ਅਣਮਨੁੱਖੀ ਵਿਉਂਤਾਂ ਦੇ ਤਹਿਤ ਹੀ ਘੜੇ ਗਏ।

ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਤੋਂ ਪਹਿਲਾਂ ਜੋ ਰਾਜ ਪ੍ਰੰਬਧ ਇਸ ਭਾਰਤ ਕਹਾਉਂਦੇ ਖਿੱਤੇ 'ਤੇ ਲਾਗੂ ਰਿਹਾ, ਉਸ ਦਾ ਵਰਨਣ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਗੁਰੂ ਬਾਦਸ਼ਾਹ ਦੀ ਆਪਣੀ ਹੀ ਉਚਾਰੀ ਇਲਾਹੀ ਬਾਣੀ ਤੋ ਝਲਕ ਪੈਂਦਾ ਹੈ:

–ਭਈ ਗਿਲਾਨਿ ਜਗਤ੍ਰਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ....
ਕਲਿਜੁਗਿ ਅੰਦਰਿ ਭਰਮਿ ਭੁਲਾਏ॥ (ਵਾਰ ੧:੧੯)
–ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ। (ਵਾਰ ੧:੩੦)
–ਪਾਪੇ ਦਾ ਵਰਤਿਆ ਵਰਤਾਰਾ॥ (ਵਾਰ ੧:੨੦)
–ਰਾਜੇ ਸੀਹ ਮੁਕਦਮ ਕੁਤੇ॥ (ਪੰਨਾ ੧੨੮੮)

ਸਤਿਗੁਰੂ ਨਾਨਕ ਪਾਤਸ਼ਾਹ ਨੇ 'ਧਰਤ ਲੁਕਾਈ' ਦੇ ਤਾਰਨ ਹਿਤ ਕੀਤੇ ਆਪਣੇ ਕਾਰਜ ਵਿਚ ਕਿਸੇ 'ਨਿਰੇਪੁਰੇ' ਮਨੋਕਲਪਤ ਪਰਲੋਕ ਨੂੰ ਸੁਹੇਲਾ ਕਰਨ ਦਾ ਕੰਮ ਨਹੀਂ ਕੀਤਾ ਸਗੋਂ ਸਦੀਆਂ ਤੋਂ ਲਤਾੜੇ ਆਮ ਲੋਕਾਂ ਦਾ "ਲੋਕ ਸੁਖੀਆ ਪਰਲੋਕ ਸੁਹੇਲਾ" ਕਰਨ ਦਾ "ਮਾਰਗ ਪੰਥ" ਸਿਰਜ ਕੇ ਅਗਲੇਰੇ ਦਸ ਜਾਮਿਆਂ ਤੱਕ ਉਸ ਮਿਥੇ ਮਾਰਗ ਤੇ ਚਲਦਿਆਂ ਲੋਕ ਜੀਵਨ ਦੇ ਦੋਹਾਂ ਪੱਖਾਂ ਨੂੰ ਸੁਹੇਲਾ ਕਰਨ ਦਾ ਧੁਰਾ ਬੰਨ੍ਹਿਆ। ਕੀ ਉਹ ਪ੍ਰਬੰਧ (system) ਅੱਜ ਦਾ ਪ੍ਰਚਲਤ ਲੋਕਤੰਤਰ ਹੀ ਹੈ ਜਾਂ ਕੁਝ ਹੋਰ?

ਇਸ ਸਵਾਲ ਦੇ ਜਵਾਬ ਨੂੰ ਲੱਭਣ ਲਈ ਸਾਨੂੰ ਆਪਣੇ ਪਿਆਰੇ ਪ੍ਰੀਤਮ ਨਾਨਕ ਦੀ ਬਾਣੀ ਦੇ ਨਾਲ ਨਾਲ ਗੁਰੂ ਇਤਿਹਾਸ ਤੇ ਹੀ ਝਾਤ ਮਾਰਨੀ ਪਵੇਗੀ। ਅੱਜ ਦੇ ਇਸ ਪ੍ਰਚਲਤ ਲੋਕਤੰਤਰ (ਅਸਲ ਵਿਚ ਵੋਟਤੰਤਰ) ਦੇ ਲੋਕ ਹਿਤ ਦੇ ਕਾਰਜ ਵਿਚ ਪੂਰੀ ਤਰ੍ਹਾਂ ਫੇਲ੍ਹ ਹੋ ਜਾਣ ਦੇ ਮੁੱਖ ਕਾਰਨ ਇਹ ਹੋ ਸਕਦੇ ਹਨ:

੧ ਸਦੀਆਂ ਤੋ ਅਨਪੜ੍ਹਤਾ ਅਤੇ ਆਗਿਆਨਤਾ ਵਿਚ ਗ੍ਰਸਤ ਬਹੁਗਿਣਤੀ ਨੂੰ ਸਹੀ ਗਲਤ ਦੀ ਪਛਾਣ ਹੀ ਨਹੀਂ।

੨ ਸਦੀਆਂ ਦੀ ਗੁਲਾਮੀ ਜਾਤ-ਪਾਤੀ ਪ੍ਰਬੰਧ, ਕੁਨਬਾਪ੍ਰਸਤ੍ਹੀ ਦੀ ਸੋਚ ਤੋ ਆਮ ਲੋਕਾਂ ਦੀ ਮਾਨਸਿਕਤਾ ਹਾਲੀ ਉਭਰ ਨਹੀਂ ਸਕੀ।

ਐਸੇ ਹਾਲਾਤਾਂ ਵਿਚ ਵੋਟਤੰਤਰ ਪ੍ਰਣਾਲੀ ਸਾਨੂੰ ਹੋਰ ਦੇ ਵੀ ਕੀ ਸਕਦੀ ਸੀ?



www.AKJ.Org

ਗੁਰੂ ਬਾਬੇ ਨੇ ਅਖੀਰ ਐਸਾ ਕਿਹੜਾ ਰਾਜ ਪ੍ਰਬੰਧ ਸਿਰਜਣ ਦੀ ਗੱਲ ਕੀਤੀ ਸੀ ਜਿਹੜੀ ਕਿ ਅੱਜ ਦੇ ਹਾਲਾਤਾਂ ਤੋ ਸਾਨੂੰ ਉਭਾਰ ਕੇ ਸਾਡਾ ਲੋਕ ਸੁਖੀਆ ਬਣਾ ਦੇਵੇ ਅਤੇ ਇਸ ਲੋਕ ਸੁਖੀਏ ਵਿਚ ਰਹਿੰਦਿਆਂ ਪ੍ਰਭੂ-ਭਗਤੀ ਰਾਹੀ ਅਸੀ ਆਪਣਾ ਪ੍ਰਲੋਕ ਵੀ ਸੁਹੇਲਾ ਕਰ ਲਈਏ? ਉਹ ਪ੍ਰਬੰਧ ਸੀ:

ਤਖਤਿ ਬਹੈ ਤਖਤੈ ਕੀ ਲਾਇਕ॥

ਹੁਣ ਸਵਾਲ ਇਹ ਹੈ ਕਿ 'ਲਾਇਕ' ਦੀ ਕੀ ਪਰਿਭਾਸ਼ਾ ਹੋਈ ਭਲਾ?

ਸੋ ਲਾਇਕ ਦੀ ਦੇਣ ਗੁਰੂ ਬਾਬੇ ਨੇ ਆਪ ਆਪਣੇ ਤਖਤ ਦੀ ਮਲਕੀਅਤ ਲਹਿਣੇ ਨੂੰ ਸੌਂਪ ਕੇ ਸਾਨੂੰ ਪ੍ਰਤੱਖ ਕਰ ਦਿਖਾਈ ਅਤੇ ਇਹੀ ਵਿਵਸਥਾ ਲਹਿਣਿਓਂ ਅੰਗਦ ਹੋਏ ਦੂਸਰੇ ਪਾਤਸ਼ਾਹ ਨੇ ਅਪਨਾਅ ਕੇ (ਗੁਰੂ) ਅਮਰਦਾਸ ਪਾਤਸ਼ਾਹ ਨੂੰ ਗੁਰਗੱਦੀ ਸੌਂਪੀ ਅਤੇ ਗੁਰੂ ਅਮਰਦਾਸ ਪਾਤਸ਼ਾਹ ਨੇ ਭਾਈ ਜੇਠੇ ਨੂੰ ਗੁਰੂ ਰਾਮਦਾਸ ਬਣਾਇਆ। ਇਹੀ ਸਿਧਾਂਤ ਜਾਗਤ ਜੋਤ ਗੁਰੂ ਗ੍ਰੰਥ ਸਾਹਿਬ ਜੀ ਤਕ ਤੁਰਿਆ ਆਉਂਦਾ ਹੈ।

ਇਹ ਚੋਣ ਅਖੀਰ ਹੋਈ ਕਿਵੇਂ? ਕੀ ਵੋਟਾਂ ਪੁਆ ਕੇ ਹੋਈ? ਕੀ ਕਿਸੇ ਅਖੌਤੀ ਬਹੁ- ਗਿਣਤੀ ਦੀ ਸੰਮਤੀ ਨਾਲ ਹੋਈ ਜਾਂ ਇਸ ਦਾ ਕਾਰਨ ਕੁਝ ਹੋਰ ਸੀ? ਸਾਰੇ ਸੁਆਲਾਂ ਦਾ ਇਕੋ ਜੁਆਬ ਹੈ :'' ਇਹੀ ਚੋਣ ਹੋਈ ਗੁਣਾਂ ਦੇ ਆਧਾਰ ਤੇ।''

ਇਸ ਚੋਣ ਵਿਧੀ ਨੂੰ ਗੁਰੂ ਨਾਨਕ ਦਾ ਗੁਣਤੰਤਰ ਦਾ ਵਿਧਾਨ-ਸਿਧਾਂਤ ਕਹਿ ਲਵੋ । ਅਜੋਕੇ ਯੁੱਗ ਵਿਚ ਜੇ ਕਿਸੇ ਦਫਤਰ ਵਿਚ ਚਪੜਾਸੀ ਵੀ ਲੱਗਣਾ ਹੋਵੇ ਤਾਂ ਪੁੱਛਦੇ ਹਨ ਕਿ ਪੜ੍ਹਾਈ ਕਿੰਨੀ ਕੀਤੀ ਹੈ? ਚਪੜਾਸੀ ਲੱਗਣ ਲਈ ਘੱਟੋ ਘੱਟ ਯੋਗਤਾ ਮੈਟ੍ਰਿਕ ਇੰਟਰ ਮੰਗਦੇ ਹਨ। ਇਸੇ ਪ੍ਰਕਾਰ ਕਲਰਕ ਤੋ ਲੈ ਕੇ ਨੌਕਰਸ਼ਾਹੀ (beurocracy) ਤਕ ਪੜ੍ਹਾਈ ਦੀ ਵੱਖ ਵੱਖ ਯੋਗਤਾ ਲਾਜ਼ਮੀ ਹੈ। ਲੇਕਿਨ ਸਦ ਅਫਸੋਸ ਕਿ ਕਿਸੇ ਰਾਜ ਪ੍ਰਬੰਧ ਦਾ ਮੁਖੀ ਮੰਤਰੀ ਦਰਬਾਰੀ (ਅਜੋਕੇ ਲਫ਼ਜਾਂ ਵਿਚ M. P.,M.L.A,Minister) ਹੋਣ ਲਈ ਕੋਈ ਯੋਗਤਾ ਲਾਜ਼ਮੀ ਨਹੀ।

ਅਜਿਹੀ ਹੀ ਹਾਲਤ ਸਾਡੇ ਸਿੱਖਾਂ ਦੀ ਵੀ ਹੈ। ਕਿਤੇ ਰਾਗੀ, ਢਾਡੀ, ਪ੍ਰਚਾਰਕ, ਗ੍ਰੰਥੀ ਲੱਗਣਾ ਹੋਵੇ ਤਾਂ ਲਿਆਓ ਜੀ ਮਿਸ਼ਨਰੀ ਡਿਪਲੋਮਾ ਕਿਸੇ ਡੇਰੇ ਟਕਸਾਲ ਦਾ ਸਰਟੀਫਿਕੇਟ । ਲੇਕਿਨ ਗੁਰਦੁਆਰੇ ਦਾ ਪ੍ਰਧਾਨ, ਸਕੱਤਰ, ਮੈਂਬਰ ਬਣਨਾ ਹੋਵੇ ਤਾਂ ਗੂਠਾ ਲਾਉਣ ਦਾ ਵੀ ਪਤਾ ਨਾ ਹੋਵੇ ਕਿ ਸੱਜੇ ਹੱਥ ਦਾ ਲਾਉਣਾ ਹੈ ਕਿ ਖੱਬੇ ਹੱਥ ਦਾ ਇਹੀ ਕਾਰਨ ਹੈ ਸਾਡੇ ਅੱਜ ਦੇ ਦੁਖਾਂਤ ਦਾ।

ਇਹ ਇਕ ਬਹੁਤ ਹੀ ਵਿਸਥਾਰ ਵਿਸ਼ਾ ਬਣ ਸਕਦਾ ਹੈ ਕਿ ਅਖੀਰ ਸਮਾਜ ਦੇ ਪ੍ਰਬੰਧ ਨੂੰ ਚਲਾਉਣ ਲਈ ਰਾਜ ਪ੍ਰਬੰਧ ਦੇ ਕਿਹੜੇ ਹਿੱਸੇ ਵਿਚ ਕਿਸ ਪ੍ਰਕਾਰ ਦੇ ਗੁਣਾਂ ਯੋਗਤਾ ਵਾਲੇ ਸ਼ਖ਼ਸ ਨੂੰ ਚੁਣਿਆ ਜਾਵੇ ਤੇ ਕਿਵੇਂ ਚੁਣਿਆ ਜਾਵੇ? ਅਸੀ ਹਾਲ ਦੀ ਘੜੀ ਸਿਰਫ ਸਿੱਖ ਸੰਸਥਾਵਾਂ ਵਿਚ 'ਗੁਰੂ ਨਾਨਕ ਦਾ ਗੁਣਤੰਤਰ' ਲਾਗੂ ਕਰਕੇ ਦੁਨੀਆਂ ਦੇ ਸਾਹਮਣੇ ਗੁਰੂ ਨਾਨਕ ਪਾਤਸ਼ਾਹ ਦੇ ਉਸ ਸੱਚੇ ਰਾਜ ਪ੍ਰਬੰਧ ਦਾ ਰੋਲ ਮਾਡਲ ਪੇਸ਼ ਕਰ ਸਕਦੇ ਹਾਂ ਅਤੇ ਇਹ ਕਰਨਾ ਵੀ ਚਾਹੀਦਾ ਹੈ।

ਗੁਰੂ ਬਾਬੇ ਨੇ ਜਿਥੇ ਕਿਤੇ ਵੀ ਕਿਸੇ ਪ੍ਰਚਲਤ ਵਿਵਸਥਾ ਦਾ ਖੰਡਨ ਕੀਤਾ ਹੈ, ਉਥੇ ਉਸ ਦੀ ਥਾਂ ਸਹੀ ਵਿਵਸਥਾ ਦਾ ਉਪਦੇਸ਼ ਵੀ ਦਿੱਤਾ ਹੈ।ਜੇ ਬ੍ਰਾਹਮਣੀ ਜਨੇਊ ਦੇ ਸੂਤ ਧਾਗੇ ਨੂੰ ਪਾਖੰਡ ਕਰਾਰ ਦਿੱਤਾ ਹੈ ਤਾਂ ਉਸ ਦੇ ਨਾਲ ਦਇਆ, ਸੰਤੋਖ, ਜਤ,ਸਤ, ਦੇ ਗੁਣਾਂ ਦਾ ਧਾਰਨੀ ਹੋਣ ਦਾ ਉਪਦੇਸ਼ ਵੀ ਜੁੜਿਆ ਹੈ। ਮਿਹਰ ਦੀ ਮਸੀਤ ਅਤੇ ਸਿਦਕ ਦਾ ਮੁਸੱਲਾ ਧਾਰਨ ਕਰਨ ਦੀ ਸਿਖਿਆ ਦੇਣੀ ਗੁਰੂ ਬਾਬੇ ਦੇ ਗਣਤੰਤਰ ਦਾ ਬੀਜ ਮੰਤਰ ਹੈ। ਆਪਣੇ ਪਿਆਰੇ ਗੁਰਸਿੱਖਾਂ ਨੂੰ

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥

ਅਤੇ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥

ਦਾਂ ਪ੍ਰੇਮ ਸੁਨੇਹਾ ਗੁਣਾਂ ਦੇ ਧਾਰਨੀ ਮਨੁੱਖਾ ਦਾ ਨਿਵੇਕਲਾ ਸਮਾਜ ਸਿਰਜਣ ਲਈ ਹੀ ਦਿੱਤਾ ਗਿਆ ਸੀ।

(ਬਾਕੀ ਪੰਨਾ ੧੩ ਤੇ ...)



www.AKJ.Org

# ਗੁਰੂ ਨਾਨਕ ਦੇਵ ਜੀ ਦਾ ਸੱਚਾ ਸੌਦਾ-ਰਹੱਸ

*(ਭਾਈ ਰਾਮ ਸਿੰਘ ਗਰੇਵਜ਼ੈਂਡ)*

(ਨਵੰਬਰ ਅੰਕ ਤੋਂ ਅਗੇ...)

ਇਸ ਸੰਦਰਭ ਵਿਚ ਜੇ ਅੱਜ ਕਲ ਦੇ ਕਹੋਤੀ ਧਰਮੀਆਂ (ਸਾਧ, ਸੰਤ, ਡੇਰੇਦਾਰ,ਆਦਿ) ਤੇ ਹਾਕਮ ਟੋਲੇ ਨੂੰ ਪਰਖਿਆ ਜਾਵੇ ਤਾਂ ਕਿਤਨਾ ਕੁ ਫਰਕ ਨਜ਼ਰ ਆ ਸਕਦਾ ਹੈ। ਇਸ ਤੋ ਪਹਿਲਾਂ ਜੋ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਉਦਮ ਕਰਨ ਧਰਮ ਦੀ ਕਿਰਤ ਕਰਨ ਆਦਿ ਦਾ ਸਬਕ ਦਿੱਤਾ ਤੇ ਉਸ ਦਾ ਕੀ ਸਿੱਟਾ ਨਿਕਲਿਆ ਜਾਨਣਾ ਵੀ ਜ਼ਰੂਰੀ ਹੈ। ਗੁਰੂ ਜੀ ਦੇ ਸਮੇ ਤੋ ਲੈਕੇ ਸਿੱਖ ਭਾਵੇ ਪੰਜਾਬ ਵਿਚ ਭਾਵੇ ਪੱਛਮੀ ਪੰਜਾਬ ਦੀਆਂ ਬਾਰਾਂ ਵਿਚ ਭਾਵੇ ਤਰਾਈ ਦੇ ਜੰਗਲਾਂ ਵਿਚ ਬੀਕਾਨੇਰ ਦੇ ਮਾਰੂਥਲਾਂ ਵਿਚ ਜਾਂ ਦੂਸਰੇ ਸੂਬਿਆ ਜਾਂ ਵਿਦੇਸ਼ਾਂ ਵਿਚ ਜਿਥੇ ਵੀ ਵਿਚਰੇ ਜਾਂ ਵਿਚਰ ਰਹੇ ਹਨ ਆਰਥਿਕ ਪੱਖੋਂ ਆਪਣੇ ਪੈਰਾਂ ਤੇ ਖੜੇ ਹਨ ਤੇ ਹਰ ਤਰ੍ਹਾਂ ਖੁਸ਼ਹਾਲ ਹਨ ਅਤੇ ਗੁਰੂ ਹੁਕਮ ਅਨੁਸਾਰ ਕਿਸੇ ਦੇ ਮੋਢੇ ਦਾ ਭਾਰ ਨਹੀ। ਨਾਲ ਨਾਲ ਧਰਮ ਦਾ ਪੱਖ ਵੀ ਨਹੀਂ ਛੱਡਿਆ ਜਿਥੇ ਵੀ ਵਿਚਰੇ ਉਥੇ ਹੀ ਗੁਰੂ ਘਰ ਦੀ ਸਥਾਪਨਾ ਕੀਤੀ ਤੇ ਗੁਰੂ ਹੁਕਮਾਂ ਨੂੰ ਕਮਾਉਣ ਦੀ ਕੋਸ਼ਿਸ਼ ਕੀਤੀ ਤੇ ਭਾਵੇ ਇਸ ਪੱਖ ਤੇ ਚੰਗੀ ਤਰ੍ਹਾਂ ਗੁਰੂ ਦੇ ਹੁਕਮਾਂ ਤੇ ਪਹਿਰਾ ਨਹੀਂ ਦਿੱਤਾ ਗਿਆ। ਕਿਉਂ? ਇਸ ਦਾ ਉਤਰ ਲੱਭਣਾ ਕਈ ਔਖਾ ਨਹੀਂ। ਸਿੱਖ ਜਗਤ ਦੀ ਇਸ ਖੁਸ਼ਹਾਲੀ ਨੇ ਸਿੱਖਾਂ ਵਿਚ ਵੀ ਪੁਰਾਣੇ ਸਿੱਧ ਮੰਡਲੀ ਵਰਗੀ ਪਰ ਉਨ੍ਹਾਂ ਤੋ ਕੁਝ ਭਿੰਨ ਤਰੀਕੇ ਦੀ ਅਖੋਤੀ ਧਰਮੀਆਂ (ਕੁਝ ਕੁ ਗੁਰਮੁਖਾਂ ਨੂੰ ਛੱਡ ਕੇ) ਦੀ ਸ਼੍ਰੇਣੀ (ਸਾਧ, ਸੰਤ, ਡੇਰੇਦਾਰ ਆਦਿ) ਪੈਦਾ ਕਰ ਦਿੱਤੀ। ਜਿਨ੍ਹਾਂ ਨੇ ਨਾਹਰਾ ਉਹਨਾਂ ਸਿੱਧਾਂ ਜੋਗੀਆਂ ਵਾਲਾ ਹੀ ਲਾਇਆ ਜਾਂ ਰਖਿਆ ''ਅਸੀ ਮਾਇਆ ਨੂੰ ਹੱਥ ਨਹੀ ਲਾਉਦੇ'' ਪਰ ਅਪਨਾ ਲੁਕਵਾਂ ਮਨੋਰਥ ਮਾਇਆ ਇਕੱਤਰ ਕਰਨੀ ਰੱਖਿਆ ਹੋਇਆ ਹੈ। ਉਨ੍ਹਾਂ ਜੋਗੀਆਂ ਸਿੱਧਾਂ ਨੇ ਜੋ ਕਿਹਾ ਸੀ ਕਿ ਅਸੀਂ ਪੈਸੇ ਵਾਲੀ ਮਾਇਆ ਨੂੰ ਹੱਥ ਨਹੀ ਲਾਉਦੇ ਤਾਂ ਉਨ੍ਹਾਂ ਨੇ ਸੱਚੀ ਹੀ ਮਾਇਆ ਨੂੰ ਹੱਥ ਲਾਉਣਾ ਬੰਦ ਕਰ ਦਿੱਤਾ ਸੀ ਭਾਵੇ ਉਨ੍ਹਾਂ ਦੀ ਸਿੱਖਿਆ ਨੇ ਦੇਸ਼ ਨੂੰ ਗਰੀਬੀ ਦੇ ਖੱਡੇ ਵਿਚ ਹੀ ਧੱਕ ਦਿੱਤਾ। ਪਰ ਅਜੋਕੇ ਅਖੋਤੀ ਮਾਇਆ ਨੂੰ ਹੱਥ ਨਾ ਲਾਉਣ ਵਾਲਿਆਂ ਨੂੰ ਗੁਰੂ ਜੀ ਦੀ ਸਿਖਿਆ ਤੇ ਚਲਣ ਵਾਲਾ, ਪੈਸੇ ਪੱਖੋਂ ਉਦਮ ਰਾਹੀਂ ਅਮੀਰ ਬਣਿਆ ਸਿੱਖ ਮਿਲ ਗਿਆ ਹੈ ਪਰ ਇਹ ਸਿੱਖ ਵੀ ਸਿੱਖੀ ਅਸੂਲਾਂ ਤੋ ਅਣਜਾਣ । ਕਿਉਂਕਿ ਜਿੰਮੇਵਾਰ ਸੰਸਥਾ ਨੇ (ਭਾਵ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ) ਗੁਰਮਤਿ ਦਾ ਸਹੀ ਪ੍ਰਚਾਰ ਖਾਸ ਕਰਕੇ ਪਿੰਡ ਵਿਚ ਤਾਂ ਕੀਤਾ ਹੀ ਨਹੀ, ਇਨ੍ਹਾਂ ਖੁੰਭਾਂ ਵਾਗ ਨਿਕਲ ਰਹੇ ਸਾਧਾਂ ਸੰਤਾਂ ਦੇ ਪਿਛੇ ਉਸੇ ਤਰ੍ਹਾਂ ਲੱਗ ਰਹੇ ਹਨ ਜਿਵੇ ਉਸ ਵੇਲੇ ਦੇ ਲੋਕ ਸਿੱਧਾਂ ਜੋਗੀ ਸਾਧ ਜਨਾਂ ਦੇ ਸਰਾਪ ਆਂਦਿ ਤੋ ਡਰ ਕੇ ਉਨ੍ਹਾਂ ਮਗਰ ਆਪਣੀ ਕਮਾਈ ਲੁਟਾਉਣ ਲੱਗੇ ਹੋਏ ਸਨ। ਜਿਥੇ ਉਨ੍ਹਾਂ ਸਾਧ ਜਨਾਂ ਨੇ ਲੋਕਾਂ ਨੂੰ ਕਈ ਤਰਾਂ ਦੇ ਵਹਿਮਾਂ ਭਰਮਾਂ ਵਿਚ ਪਾ ਕੇ ਲੋਕਾਂ ਨੂੰ ਨਿਢਾਲ ਕਰ ਰੱਖਿਆ ਸੀ, ਇੱਥੇ ਇਨ੍ਹਾਂ ਅਜੋਕੇ ਸਾਧੂ ਜਨਾਂ ਨੇ ਖਾਲਸਾ ਪੰਥ ਦੀ ਇੱਕ ਸਾਂਝੀ ਰਹਿਤ ਮਰਿਆਦਾ ਨਾਲੋਂ ਜੁਦੀਆਂ-ਜੁਦੀਆਂ ਮਰਿਆਦਾਵਾਂ ਬਣਾ ਕੇ ਕੇਂਦਰ ਨਾਲੋਂ ਤੋੜ ਕੇ ਆਪਣੇ-ਆਪਣੇ ਮਗਰ ਲਾ ਲਿਆ ਹੈ ਤੇ ਫੁੱਟ ਦੇ ਬੀਜ ਬੀਜ ਕੇ ਬਹੁ ਗਿਣਤੀ ਨੂੰ ਗੁਰਮਤਿ ਦੀ ਪੱਟੜੀ ਤੋਂ ਲਾਹੁਣ ਦਾ ਕਾਰਨ ਬਣ ਰਹੇ ਹਨ ਜੋ ਬੜਾ ਦੁਖਦਾਇਕ ਹੈ।

ਦੂਸਰੇ ਜੋ ਇਹ ਅਜੋਕੇ ਸਾਧੂ ਜਨ ਕਹਿੰਦੇ ਹਨ ਕਿ ਅਸੀਂ ਮਾਇਆ ਨਾਗਣੀ ਨੂੰ ਹੱਥ ਨਹੀਂ ਲਾਉਂਦੇ ਤਾਂ ਫਿਰ ਇਨ੍ਹਾਂ ਦੇ ਵੱਡੇ-ਵੱਡੇ ਡੇਰੇ ਕਿੱਦਾਂ ਤੇ ਕਿਸ ਚੀਜ਼ ਨਾਲ ਬਣ ਰਹੇ ਹਨ, ਭਾਈ ਭਤੀਜਿਆਂ ਦੇ ਨਾਂ ਜਾਇਦਾਦਾਂ ਕਿੱਦਾਂ ਲੱਗ ਰਹੀਆਂ ਹਨ, ਹਵਾਈ ਜਹਾਜ਼ ਦੇ ਟਿਕਟ ਕਿਸ ਚੀਜ਼ ਨਾਲ ਮਿਲਦੇ ਹਨ, ਆਲੀਸ਼ਾਨ ਡੇਰਿਆਂ ਦੇ ਅੱਗੇ ਕਈ-ਕਈ ਨਵੀਂਆਂ ਨਕੋਰ ਕਾਰਾਂ ਕਿੱਦਾਂ ਖੜ੍ਹੀਆਂ ਹਨ। ਇਨ੍ਹਾਂ ਦੇ ਸਰੀਰ ਕਿਸ ਚੀਜ਼ ਨਾਲ ਰਿਸ਼ਟ-ਪੁਸ਼ਟ ਹਨ? ਇੱਥੇ ਰਾਜਾ ਭਰਥਰੀ ਦੀ ਮਿਸਾਲ ਦੇਣੀ ਬਹੁਤ ਢੁਕਵੀਂ ਹੋਵੇਗੀ। ਉਹ ਜਦ ਪਦਾਰਥਾਂ ਨਾਲ ਰੱਜ ਕੇ ਪਰ ਮਨ ਦੀ ਸ਼ਾਤੀ ਨੂੰ ਹੱਥੋਂ ਖੋ ਕੇ ਜਦ ਸ਼ਤੀ ਦੀ ਭਾਲ ਵਿਚ ਨਿਕਲਿਆ ਤੇ



www.AKJ.Org

ਸਿੱਧ ਜੋਗੀ ਬਣਿਆਂ ਤਾਂ ਉਸਨੇ ਜੋਗੀ ਬਣਨ ਤੋਂ ਪਹਿਲਾਂ ਸਿੱਧਾਂ ਜੋਗੀਆਂ ਨੂੰ ਇਕ ਸਵਾਲ ਪੁੱਛਿਆ, "ਤੁਸੀਂ ਆਪਣੇ ਘਰ-ਬਾਰ ਤਾਂ ਛੱਡ ਦਿਤੇ ਪਰ ਡੇਰੇ ਬਣਾ ਲਏ, ਘਰ ਦੇ ਬਿਸਤਰੇ ਛੱਡੇ ਹੋਰਨਾਂ ਦੇ ਦਿੱਤੇ ਬਿਸਤਰਿਆਂ ਤੇ ਸੌਣ ਲੱਗ ਪਏ ਹੋ, ਇਸਤਰੀਆਂ ਛੱਡੀਆਂ ਪਰ ਚੇਲੀਆਂ ਬਣਾ ਲਈਆਂ ਆਪਣੇ ਬੱਚੇ ਛੱਡੇ ਪਰ ਚੇਲੇ ਚੇਲੀਆਂ ਬਣਾ ਲਏ। ਤੁਸੀਂ ਦੱਸੋ ਫਰਕ ਕੀ ਪਿਆ ਆਖਰ ਉਸਨੂੰ ਇਹ ਕਹਿਣਾ ਪਿਆ ਕਿ ਇਸ ਤਰ੍ਹਾਂ ਸਭ ਕੁਝ ਦਿਖਾਵੇ ਲਈ ਭਾਵੇਂ ਛੱਡ ਦਿਉ ਪਰ ਤ੍ਰਿਸ਼ਨਾ ਤਾਂ ਨਹੀਂ ਮਰਦੀ ਇਹ ਚੀਜ਼ਾਂ ਤਾਂ ਆਖਰ ਲੋੜੀਦੀਆਂ ਹੀ ਹਨ ਨਾ? ਉਸਨੂੰ ਸਵਾਲ ਵਿਚ ਇਹ ਵੀ ਕਹਿਣਾ ਚਾਹੀਦਾ ਸੀ ਕਿ ਤੁਸੀਂ ਕੰਮ ਕਾਰ ਛੱਡ ਕੇ ਰੋਟੀ ਆਦਿ ਲਈ ਕਮਾਈ ਕਰਨੀ ਤਾਂ ਛੱਡ ਦਿੱਤੀ ਪਰ ਹੋਰਨਾਂ ਦੀਆਂ ਰੋਟੀਆਂ ਖਾਣ ਲੱਗ ਪਏ ਤੇ ਹੋਰਨਾਂ ਦੇ ਮੋਢਿਆਂ ਦਾ ਭਾਰ ਬਣ ਗਏ। ਖ਼ੈਰ ਸਿੱਧੀ ਵਿਚ ਪੈਦਾ ਹੋਏ ਉਨ੍ਹਾਂ ਸਿੱਧਾਂ ਜੋਗੀਆਂ ਦੀ ਸ਼੍ਰੇਣੀ ਵਰਗੇ ਸਾਧ-ਸੰਤ (ਕੁਝ ਕੁ ਨੂੰ ਛੱਡ ਕੇ) ਕੀ ਉਨ੍ਹਾਂ ਨਾਲੋਂ ਘੱਟ ਹਨ। ਨਹੀਂ-ਵੱਧ ਉਨ੍ਹਾਂ ਨਾਲੋਂ ਬਹੁਤ ਅੱਗੇ ਹਨ। ਉਨ੍ਹਾਂ ਵਿਚਾਰਿਆਂ ਨੂੰ ਗੁਰੂ ਜੀ ਤੋਂ ਪਹਿਲਾਂ ਕੋਈ ਖਾਸ ਤੇ ਢੁਕਵੀਂ ਸਿਖਿਆ ਹੀ ਨਾ ਸੀ ਮਿਲੀ ਹੋਈ। ਗੁਰੂ ਜੀ ਨੇ ਤਾਂ ਇੱਕ ਸਿੱਖ ਨੂੰ ਹੀ ਨਹੀਂ, ਹਰ ਇੱਕ ਸਿੱਖ ਨੂੰ, ਸੰਤ ਸਿਪਾਹੀ ਬਣਾਇਆ ਸੀ ਤੇ ਗ੍ਰਹਿਸਤੀ ਹੁੰਦੇ ਹੋਏ ਸੰਤ ਸਿਪਾਹੀ ਦਾ ਹਰ ਰੋਲ ਅਦਾ ਕਰਨਾ ਦੱਸਿਆ ਸੀ। ਪਰ ਇਹ ਅੱਜ ਦੇ ਘਰੋਂ ਦੌੜੇ ਸਿੱਧ ਜੋਗੀ ਗੁਰੂ ਜੀ ਦੀ ਸਿੱਖਿਆ ਬਾਰੇ ਜਾਣਦੇ ਹੋਏ ਵੀ ਕੋਈ ਹੱਥੀਂ ਕੰਮ ਨਹੀਂ ਕਰਦੇ, ਕੁਝ ਕੁ ਨੂੰ ਛੱਡ ਕੇ ਨਾ ਸਾਰੇ ਗ੍ਰਹਿਸਤੀ ਹਨ। ਗੁਰਮਤਿ ਅਨੁਸਾਰ ਹਰ ਸੰਤ ਸਿਪਾਹੀ ਨੇ ਆਪਣੀ ਸੇਵਾ ਨਹੀਂ ਕਰਵਾਉਣੀ, ਸਗੋਂ ਹੋਰਨਾਂ ਦੀ ਔਖੇ ਹੋ ਕੇ ਵੀ ਕਰਨੀ ਹੈ, ਜਿਵੇਂ ਦਸੋ ਗੁਰੂ ਸਾਹਿਬਾਨ ਨੇ ਉਨ੍ਹਾਂ ਦੀ ਸਿੱਖਿਆ ਤੇ ਚਲਦੇ ਹੋਏ ਭਾਈ ਲਾਲੋ ਜੀ ਤੋਂ ਲੈ ਕੇ ਅੱਜ ਤੱਕ ਬੜੀ ਉਚੀ ਅਵਸਥਾ ਵਾਲੇ ਸਿੱਖ ਭਾਈ ਸਾਹਿਬ, ਜਾਂ ਬਾਬਾ ਜੀ ਰਹਿੰਦੇ ਹੋਏ ਕਰਦੇ ਆ ਰਹੇ ਹਨ। ਪਰ ਇਹ ਭੱਦਰ ਪੁਰਸ਼ ਆਪਣੀ ਸੇਵਾ ਕਰਵਾਉਂਦੇ ਹਨ ਤੇ ਜਿਵੇਂ ਲੋਕੀ ਉਨ੍ਹਾਂ ਸਿੱਧਾਂ ਜੋਗੀਆਂ ਨੂੰ ਉਨ੍ਹਾਂ ਦੇ ਸਰਾਪ ਤੋਂ ਡਰਦੇ ਚੰਗਾ ਖਾਣ ਪੀਣ ਤੇ ਪਹਿਨਣ ਨੂੰ ਦਿੰਦੇ ਸਨ ਇਹ ਅਜੋਕੇ ਸਾਧੂਜਨਾਂ ਨੂੰ ਇਨ੍ਹਾਂ ਦੇ ਸਿੱਖ ਸੇਵਕ ਦਿੰਦੇ ਹਨ। ਗੁਰਮਤਿ ਦਾ ਗਿਆਨ ਨਾ ਹੋਣ ਕਰਕੇ ਅੱਜ ਕੱਲ੍ਹ ਸਿੱਖਾਂ ਵਿਚ ਲੁੱਟਣ ਵਾਲਿਆਂ ਨਾਲੋਂ ਲੁਟਾਉਣ ਵਾਲੇ ਜ਼ਿਆਦਾ ਹਨ ਜੋ ਬਹੁਤ ਦੁਖਦਾਈ ਹੈ। ਕਿੱਥੇ ਗਈ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਦੇ ਦੇ ਕੇ ਦਿੱਤੀ ਸਿੱਖਿਆ ਤੇ ਭਾਈ ਲਾਲੋ, ਬਾਬਾ ਦੀਪ ਸਿੰਘ (ਤੇ ਹਰ ਅਨੇਕਾਂ ਸਿੰਘਾਂ) ਵੱਲੋਂ ਕਮਾ ਕੇ ਖਾਲਸਾ ਪੰਥ ਸਾਹਮਣੇ ਪੈਦਾ ਕੀਤੀਆਂ ਮਿਸਾਲਾਂ? ਇਹ ਰੋਣਾ ਤਾਂ ਬਹੁਤ ਲੰਬਾ ਹੈ ਸਿੱਖੀ ਦੀ ਸ਼ਾਨਦਾਰ ਇਮਾਰਤ ਨੂੰ ਇਹ ਬਹੁਤ ਬੜਾ ਘੁਣ ਲੱਗਾ ਹੋਇਆ ਹੈ, ਗੁਰੂ ਜੀ ਹੀ ਕੁਝ ਵਰਤਾਰਾ ਵਰਤਾ ਕੇ ਇਸ ਤੋਂ ਬਚਾ ਸਕਦੇ ਹਨ।

ਮੁੜ ਗੁਰੂ ਸਾਹਿਬ ਦੀ ਉਨ੍ਹਾਂ ਸਿੱਧਾਂ ਜੋਗੀਆਂ ਨਾਲ ਗੱਲਬਾਤ ਵੱਲ ਆਈਏ। ਗੁਰੂ ਜੀ ਨੇ ਉਨ੍ਹਾਂ ਨੂੰ ਮਾਇਆ ਦੇ ਅਸਲੀ ਅਰਥ ਸਮਝਾਉਣ ਤੋਂ ਉਪੰਰਤ ਜੋ ਰੱਬ ਜੀ ਬਾਰੇ ਉਨ੍ਹਾਂ ਨਾਲ ਗੱਲਬਾਤ ਕੀਤੀ ਉਹ ਹੋਰ ਵੀ ਰਹੱਸਮਈ ਹੈ। ਜਿਵੇਂ ਪਿੱਛੇ ਦੱਸਿਆ ਕਿ ਉਹ ਤਾਂ ਗੁਰੂ ਜੀ ਪਾਸੋਂ ਇਸ ਤਰ੍ਹਾਂ ਧਿਆਨ ਨਾਲ ਸੁਣ ਰਹੇ ਸਨ ਜਿਵੇਂ ਸੌਣ ਵੇਲੇ ਬੱਚੇ ਆਪਣੇ ਬਜ਼ੁਰਗਾਂ ਤੋਂ ਕਹਾਣੀ ਸੁਣ ਰਹੇ ਹੋਣ। ਸੋ ਗੁਰੂ ਜੀ ਨੇ ਉਨ੍ਹਾਂ ਨੂੰ ਪੁਛਿਆ ਕਿ ਜਿਸ ਰੱਬ ਜੀ ਬਾਰੇ ਤੁਸੀਂ ਭਾਲ ਕਰ ਰਹੇ ਹੋ, ਉਹ ਰੱਬ ਹੈ ਕਿੱਥੇ? ਉਹ ਸਾਰੇ ਇੱਕ ਦੂਜੇ ਵਲ ਦੇਵਣ ਲੱਗ ਪਏ। ਗੁਰੂ ਜੀ ਨੇ ਓਨ੍ਹਾਂ ਅਗੇ ਇੱਕ ਘੁੰਡੀ ਰੱਖ ਦਿੱਤੀ, ਜਿਸ ਨੇ ਉਨ੍ਹਾਂ ਨੂੰ ਚਕ੍ਰਿਤ ਕਰ ਦਿਤਾ। ਪਰ ਆਖਰ ਸੋਚ ਕੇ ਉਨ੍ਹਾਂ ਨੇ ਦੱਸਿਆ ਕਿ ਵੇਦਾਂ, ਗੀਤਾ ਤੇ ਉਪਨਿਸ਼ਦਾਂ ਆਦਿ ਧਰਮ ਗ੍ਰੰਥਾਂ ਵਿਚੋਂ ਇਹ ਹੀ ਸੁਣਿਆ ਕਿ ਰੱਬ ਸਾਰੇ ਹੀ ਰਹਿੰਦਾ ਹੈ। ਉਨ੍ਹਾਂ ਨੇ ਕਿਹਾ ਕਿ ਧਰਮ ਤਾਂ ਕਦੇ ਵੀ ਝੂਠ ਨਹੀਂ ਬੋਲ ਸਕਦਾ, ਸੋ ਰੱਬ ਸਾਰੇ ਹੀ ਰਹਿੰਦਾ ਹੈ। ਗੁਰੂ ਜੀ ਨੇ ਫਿਰ ਪੁੱਛਿਆ ਕਿ ਜੇ ਰੱਬ ਸਾਰੇ ਹੀ ਰਹਿੰਦਾ ਹੈ ਤਾਂ ਕੀ ਉਹ ਸਿਰਫ ਇਸ ਜੰਗਲ ਵਿਚ ਹੀ ਰਹਿੰਦਾ ਹੈ ਜਾਂ ਹੋਰ ਜੰਗਲਾਂ ਵਿਚ ਵੀ? ਤਦ ਉਨ੍ਹਾਂ ਨੇ ਕਿਹਾ ਕਿ ਜਿਹੜਾ ਰੱਬ ਸਾਰੇ ਹੀ ਰਹਿੰਦਾ ਹੈ ਉਹ ਤਾਂ ਸਾਰੇ ਜੰਗਲਾਂ, ਪਹਾੜਾਂ ਤੇ ਰੇਗਿਸਤਾਨਾਂ ਵਿਚ ਵੀ ਰਹਿੰਦਾ ਹੈ ਤਾਂ ਗੁਰੂ ਜੀ ਨੇ ਪੁਛਿਆ, ਕੀ ਉਹ ਰੱਬ ਤੁਹਾਡੇ ਘਰਾਂ, ਪਿੰਡਾਂ ਸ਼ਹਿਰਾਂ ਆਦਿ ਵਿਚ



www.AKJ.Org

ਵੀ ਰਹਿੰਦਾ ਹੈ? ਉਹਨਾਂ ਨੇ ਕਿਹਾ ਹਾਂ ਜੀ ਜਿਹੜਾ ਰੱਬ ਸਾਰੇ ਜੰਗਲਾਂ, ਪਹਾੜਾਂ ਤੇ ਰੇਗਿਸਤਾਨਾਂ ਵਿਚ ਰਹਿੰਦਾ ਹੈ ਉਹ ਤਾਂ ਫਿਰ ਘਰਾਂ, ਪਿੰਡਾਂ, ਸ਼ਹਿਰਾਂ ਆਦਿ ਸਾਰੇ ਹੀ ਰਹਿੰਦਾ ਹੈ।

ਗੁਰੂ ਜੀ ਨੇ ਜਦ ਉਨ੍ਹਾਂ ਨੂੰ ਠੀਕ ਨੁਕਤੇ ਤੇ ਲੈ ਆਂਦਾ ਤਾਂ ਉਹ ਉਨ੍ਹਾਂ ਨੂੰ ਪੁੱਛਣ ਲੱਗੇ, 'ਕੀ ਐਸਾ ਰੱਬ ਤੁਹਾਡੇ ਮਾਪਿਆਂ, ਪਤਨੀਆਂ ਤੇ ਬੱਚਿਆਂ ਵਿਚ ਵੀ ਰਹਿੰਦਾ ਹੈ? ਉਨ੍ਹਾਂ ਨੇ ਕਿਹਾ ਜੀ ਜਿਹੜਾ ਰੱਬ ਸਾਰੇ ਹੀ ਰਹਿੰਦਾ ਹੈ ਉਹ ਤਾਂ ਫਿਰ ਸਭ ਵਿਚ ਹੀ ਰਹਿੰਦਾ ਹੈ। ਇਸ ਤੇ ਗੁਰੂ ਜੀ ਨੇ ਕਿਹਾ ਕਿ ਤਦ ਤਾਂ ਫਿਰ ਗੱਲ ਬਣ ਗਈ। ਜਿਸ ਬੁੱਢੇ ਮਾਂ ਪਿਓ ਨੂੰ ਤੁਸੀਂ ਪਿੱਠ ਦਿਖਾ ਕੇ ਆ ਗਏ ਹੋ ਜਿਨ੍ਹਾਂ ਨੇ ਤੁਹਾਨੂੰ ਪਾਲਿਆ ਪੋਸਿਆ, ਕਿ ਵੱਡੇ ਹੋ ਕੇ ਸਾਡੇ ਮੁੰਡੇ ਖੱਟ ਕਮਾ ਕੇ ਬੁਢਾਪੇ ਵਿਚ ਸਾਡੀ ਸੇਵਾ ਕਰਨਗੇ, ਕੀ ਉਹ ਤੁਹਾਡੇ ਲਈ ਅਰਦਾਸ ਕਰਨਗੇ, ਕਿ ਸਾਡੇ ਪੁੱਤਰਾਂ ਨੂੰ ਰੱਬ ਮਿਲ ਜਾਵੇ, ਕੀ ਉਹ ਨੌਜਵਾਨ ਲੜਕੀ ਜਿਸ ਨੂੰ ਕਿਸੇ ਨੇ ਪਾਲ ਪੋਸ ਕੇ ਤੁਹਾਡੇ ਲੜ ਲਾਇਆ, ਕਿ ਉਹ ਸੁਹਾਗ ਮਾਣੇਗੀ ਪਰ ਤੁਸੀਂ ਉਸਨੂੰ ਧੋਖਾ ਦੇ ਕੇ ਵਿਲਕਦੀ ਛੱਡ ਆਏ ਹੋ, ਕੀ ਉਹ ਤੁਹਾਡੇ ਲਈ ਅਰਦਾਸ ਕਰ ਸਕਦੀ ਹੈ ਕਿ ਮੇਰੇ ਪਤੀ ਨੂੰ ਰੱਬ ਮਿਲ ਜਾਵੇ ਤੇ ਉਨ੍ਹਾਂ ਬੱਚਿਆਂ, ਜਿਨ੍ਹਾ ਦੇ ਦਿਲਾਂ ਵਿਚ ਰੱਬ ਵਸਦਾ ਹੈ ਤੇ ਜਿਨ੍ਹਾਂ ਨੂੰ ਤੁਸੀਂ ਸਿੱਖਿਆ ਦੇ ਕੇ ਦੇਸ਼ ਦੇ ਸੇਵਾਦਾਰ ਬਨਾਉਣਾ ਸੀ, ਨੂੰ ਜੀਉਂਦੇ ਜੀਅ ਯਤੀਮ ਬਣਾ ਆਏ ਹੋ, ਕੀ ਉਹ ਰੱਬ ਰੂਪ ਮਾਸੂਮ ਬੱਚੇ ਤੁਹਾਂਡੇ ਲਈ ਅਰਦਾਸ ਕਰ ਸਕਦੇ ਹਨ ਕਿ ਤੁਹਾਨੂੰ ਮਿਲ ਜਾਵੇ? ਇਹ ਕੀ ਬੋਲ ਸਨ। ਇਹ ਤਾਂ ਭਾਈ ਗੁਰਦਾਸ ਜੀ ਅਨੁਸਾਰ ਧੁੰਦ ਮਿਟਾ ਕੇ ਚਾਨਣ ਕਰ ਗਏ। ਇਨ੍ਹਾਂ ਨੇ ਸਾਧੁਜਨਾਂ ਦੇ ਮਨਾਂ ਦੇ ਅੰਧਕਾਰ ਥੱਲੇ ਗਿਆਨ ਦਾ ਦੀਵਾ ਜਗਾ ਦਿੱਤਾ ਅਤੇ ਉਹ ਇਕ ਜਬਾਨ ਕਹਿ ਉਠੇ, "ਬਾਬਾ ਜੀ ਤੁਸੀਂ ਤਾਂ ਸਾਡੀ ਜਨਮਾਂ ਜਨਮਾਂਤਰਾਂ ਦੀ ਸੁੱਤੀ ਹੋਈ ਆਤਮਾ ਜਗਾ ਦਿੱਤੀ ਹੈ,"ਇਹ ਕਹਿੰਦੇ ਹੀ ਉਹ ਗੁਰੂ ਜੀ ਦੇ ਪੈਰਾਂ ਤੇ ਢਹਿ ਪਏ। ਪਰ ਉਨ੍ਹਾਂ ਦਾ ਅਗਲਾ ਸਵਾਲ ਬੜਾ ਬੇਵੱਸੀ ਵਾਲਾ ਸੀ। ਉਨ੍ਹਾਂ ਨੇ ਕਿਹਾ ਕਿ ਆਪ ਜੀ ਨੇ ਸਾਡੀ ਸੁੱਤੀ ਹੋਈ ਆਤਮਾ ਤਾਂ ਜਗਾ ਦਿੱਤੀ ਹੈ ਪਰ ਅਸੀਂ ਹੁਣ ਜਾਈਏ ਤਾਂ ਕਿੱਥੇ ਜਾਈਏ?

ਇਸ ਪਰ ਗੁਰੂ ਜੀ ਨੇ ਕਿਹਾ ਕਿ ਤੁਹਾਡੀ ਹਾਲਤ ਬੜੀ ਤਰਸ ਯੋਗ ਹੈ, ਤੇ ਉਸ ਬਿਚਾਰੀ ਬਜ਼ੁਰਗ ਮਾਈ ਵਰਗੀ ਹੈ ਜਿਸ ਦੀ ਕੱਪੜੇ ਸਿਊਂਦੀ ਦੀ ਸੂਈ ਥੱਲੇ ਡਿੱਗ ਪਈ ਪਰ ਉਥੇ ਘਰ ਵਿਚ ਰੌਸ਼ਨੀ ਥੋੜ੍ਹੀ ਸੀ ਤੇ ਸੂਈ ਉਸ ਨੂੰ ਉਥੋਂ ਨਾ ਲੱਭੀ। ਆਖਰ ਉਹ ਬਾਹਰ ਗਲੀ ਵਿਚ ਜਿਥੇ ਸਾਂਝੇ ਥਾਂ ਤੇ ਮਸ਼ਾਲ ਜਗਾ ਤੇ ਰੌਸ਼ਨੀ ਕੀਤੀ ਹੋਈ ਸੀ, ਚਲੀ ਗਈ ਤੇ ਸੂਈ ਲੱਭਣ ਲੱਗ ਪਈ। ਕਿਸੇ ਰਾਹੀ ਨੇ ਉਸ ਨੂੰ ਪੁਛਿਆ, ਮਾਈ ਜੀ ਕੀ ਲੱਭ ਰਹੇ ਹੋ? ਮੈਂ ਤੁਹਾਡੀ ਸਹਾਇਤਾ ਕਰਨੀ ਚਾਹੁੰਦਾ ਹਾਂ। ਮਾਈ ਨੇ ਕਿਹਾ ਕਿ ਸੂਈ ਗੁਆਚ ਗਈ ਹੈ। ਉਸ ਰਾਹੀ ਨੇ ਪੁਛਿਆ ਕਿਥੇ ਕੁ ਕਰਕੇ ਗੁਆਚੀ ਹੈ?ਤਾਂ ਮਾਈ ਨੇ ਕਿਹਾ ਕਿ ਸੂਈ ਤਾਂ ਘਰ ਗੁਆਚੀ ਹੈ। ਤਾਂ ਰਾਹੀ ਨੇ ਕਿਹਾ ਕਿ ਤਾਂ ਫਿਰ ਇਥੇ ਕਿਉਂ ਲੱਭ ਰਹੇ ਹੋ? ਉਸ ਨੇ ਕਿਹਾ ਕਿ ਘਰ ਵਿਚ ਰੌਸ਼ਨੀ ਨਹੀਂ ਸੀ ਇਸ ਕਰਕੇ ਇਥੇ ਰੌਸ਼ਨੀ ਵਿਚ ਆਕੇ ਲੱਭਣ ਲੱਗ ਪਈ। ਰਾਹੀ ਨੇ ਕਿਹਾ ਕਿ ਮਾਈ ਜੀ ਆਪਣੇ ਘਰ ਵਿਚ ਰੌਸ਼ਨੀ ਕਰੋ ਤੇ ਸੂਈ ਲੱਭੋ। ਇਸੇ ਸੰਬੰਧ ਵਿਚ ਗੁਰੂ ਜੀ ਨੇ ਇਕ ਹੋਰ ਮਿਸਾਲ ਦਿੱਤੀ ਤੇ ਕਿਹਾ ਕਿ ਅੰਮ੍ਰਿਤ ਤਾਂ ਆਪਣੇ ਅੰਦਰ ਭਰਿਆ ਪਿਆ ਹੈ, ਪਰ ਮਨੁੱਖਾਂ ਨੂੰ ਉਸ ਦਾ ਸੁਆਦ ਨਹੀਂ ਆ ਰਿਹਾ, ਜਿਵੇਂ ਹਿਰਨ ਦੀ ਨਾਭੀ ਵਿਚ ਕਸਤੂਰੀ ਹੈ, ਜਿਸ ਦੀ ਉਸ ਨੂੰ ਮਹਿਕ ਤਾਂ ਆ ਰਹੀ ਹੈ, ਪਰ ਉਹ ਸਮਝ ਰਿਹਾ ਹੈ ਕਿ ਇਹ ਮਹਿਕ ਕਿਤੇ ਬਾਹਰੋਂ ਆ ਰਹੀ ਹੈ, ਜਿਸ ਕਰਕੇ ਉਹ ਸਾਰੀ ਰਾਤ ਪੌਦਿਆਂ, ਬੂਟਿਆਂ ਆਦਿ ਨੂੰ ਸੁੰਘਦਾ ਫਿਰ ਰਿਹਾ ਹੈ। ਪਰ ਉਹ ਭਰਮ ਵਿਚ ਇਧਰ ਉਧਰ ਭਟਕਦਾ ਰਹਿੰਦਾ ਹੈ। ਸੋ ਸਾਧੂ ਜਨੋ ਤੁਹਾਡਾ ਵੀ ਮਾਈ ਜੀ ਤੇ ਹਿਰਨ ਵਾਲਾ ਹਾਲ ਹੈ। ਤਦ ਉਨ੍ਹਾਂ ਨੇ ਗੁਰੂ ਜੀ ਨੂੰ ਕਿਹਾ ਕਿ ਹੁਣ ਸਾਡੀ ਨਿਸ਼ਾ ਹੋ ਗਈ ਹੈ, ਪਰ ਹੁਣ ਸਾਨੂੰ ਦੱਸੋ ਕਿ ਅਸੀਂ ਹੁਣ ਜਾਈਏ ਤਾਂ ਕਿਥੇ ਜਾਈਏ? ਗੁਰੂ ਜੀ ਜੋ ਗ੍ਰਿਹਸਥ ਮਾਰਗ ਨੂੰ ਸੱਭ ਤੋਂ ਪ੍ਰਧਾਨ ਸਮਝਦੇ ਸਨ, ਨੇ ਕਿਹਾ ਕਿ ਹੋਰ ਕਿਤੇ ਨਹੀਂ ਮੁੜ ਕੇ ਘਰਾਂ ਨੂੰ ਜਾਉ। ਇਸ ਤੇ ਉਹ ਨਿਆਣਿਆਂ ਵਾਂਗ ਪੁੱਛਣ ਲੱਗੇ, ਕੀ ਘਰਾਂ ਵਿਚ ਅਸੀਂ ਭਗਤੀ ਕਰ ਸਕਦੇ ਹਾਂ? ਉਨ੍ਹਾਂ ਨੂੰ ਹਾਲੇ ਵੀ ਪਤਾ ਨਾ ਲੱਗਾ ਕਿ ਇਕ ਗ੍ਰਿਹਸਥ ਜੀਵਨ ਦੀ



www.AKJ.Org

ਸਿਖਿਆ ਦੇਣ ਵਾਲਾ ਤੇ ਪ੍ਰਮਾਤਮਾ ਨੂੰ ਹਰ ਥਾਂ, ਜ਼ਰੇ ਜ਼ਰੇ ਘਰ ਘਰ, ਇਕ ਕੀੜੀ ਤੋਂ ਲੈਕੇ ਹਰ ਛੋਟੇ ਵੱਡੇ ਜਾਨਵਰ ਤੇ ਇਨਸਾਨ ਵਿਚ ਵਸਣ ਵਾਲਾ ਦਰਸਾਉਣ ਵਾਲਾ ਨੌਜਵਾਨ ਘਰ ਵਿਚ ਬੈਠ ਕੇ ਪ੍ਰਮਾਤਮਾ ਦੇ ਨਾਮ ਦੀ ਖੁਮਾਰੀ ਦਾ ਆਨੰਦ ਮਾਣ ਕਰਕੇ ਹੀ ਇਹ ਸਿਖਿਆ ਉਨ੍ਹਾਂ ਨੂੰ ਦੇ ਰਿਹਾ ਹੈ ਕਿ ਘਰਾਂ ਨੂੰ ਮੁੜ ਜਾਉ।

ਖੈਰ ਰੱਬ ਜੀ ਨੇ ਕਿਹਾ ਕਿ ਇਥੇ ਵਿਹਲੇ ਰਹਿ ਕੇ ਕਈ ਤਰਾਂ ਦੇ ਕਸ਼ਟ, ਰੱਬ ਜੀ ਨੂੰ ਲੱਭਣ ਲਈ ਉਠਾਉਂਦੇ ਹੋਏ ਹੋਰਨਾਂ ਦੇ ਹੱਥਾਂ ਵੱਲ ਤੱਕਣ ਤੇ ਹੋਰਨਾਂ ਦੇ ਮੋਢਿਆਂ ਦਾ ਭਾਰ ਬਣਨ ਦੀ ਥਾਂ, ਘਰ ਵਿਚ ਰਹਿ ਕੇ ਹੀ ਦਸਾਂ ਨੌਹਾਂ ਦੀ ਕਿਰਤ ਕਰਕੇ, ਬਾਲ ਬੱਚਿਆਂ ਦੀ ਪਾਲਣਾ ਪੋਸ਼ਣਾ ਕਰਕੇ ਉਨ੍ਹਾਂ ਦੀ ਖੁਸ਼ੀ ਲੈਕੇ, ਘਰ ਵਾਲੀ ਦੀ ਦੇਖਭਾਲ ਕਰਕੇ ਉਸ ਦੀ ਖੁਸ਼ੀ ਲੈਕੇ ਤੇ ਮਾਤਾ ਪਿੱਤਾ ਦੀ ਸੇਵਾ ਕਰਕੇ ਉਨ੍ਹਾਂ ਦੀ ਖੁਸ਼ੀ ਤੇ ਅਸੀਸਾਂ ਲੈਕੇ ਭਾਵੇਂ ਥੋੜ੍ਹੀ ਜਿਹੀ ਹੀ ਭਗਤੀ ਜਾਂ ਦਾਤੇ ਦਾ ਸਿਮਰਨ ਕਰੋ, ਉਹ ਹੀ ਦਾਤੇ ਪ੍ਰਮਾਤ੍ਮਾ ਦੇ ਦਰ ਤੇ ਪ੍ਰਵਾਨ ਹੋਵੇਗਾ ਤੇ ਲੇਖੇ ਲੱਗ ਜਾਵੇਗਾ। ਇਥੇ ਗੁਰੂ ਸਾਹਿਬ ਨੇ ਮਾਰੂ ਰਾਗ ਵਿਚ 10.12.13 ਪੰਨੇ ਤੇ ਗੁਰੂ ਸਾਹਿਬ ਜੀ ਦੀ ਜੋ ਅਸ਼ਟਪਦੀ ਹੈ ਉਸ ਰਾਹੀਂ ਸਿਖਿਆ ਦਿੱਤੀ ਕਿ ਜੋ ਉਹ ਤਰ੍ਹਾਂ-੨ ਦੇ ਤਰੀਕੇ ਰੱਬ ਜੀ ਨੂੰ ਰਿਝਾਉਣ ਲਈ ਵਰਤ ਰਹੇ ਸਨ ਉਹ ਸੱਭ ਨਿਸਫਲ ਸਨ ਤੇ ਅੰਤ ਧਨੁ ਗਿਰਹੀ ਸੰਨਿਆਸੀ ਜੋਗੀ, ਦੀ ਉਤੇ ਦਿੱਤੀ ਵਿਆਖਿਆ, ਅਨੁਸਾਰ ਵਿਆਖਿਆ ਕਰਕੇ, ਗ੍ਰਹਿਸਥ ਹੁੰਦੇ ਹੋਏ ਦਸਾਂ ਨੌਹਾਂ ਦੀ ਕਿਰਤ ਕਰਕੇ ਵੰਡ ਛਕਣ ਤੇ ਹੋਰਨਾਂ ਦੇ ਦੁੱਖ ਸੁੱਖ ਦੀ ਸਾਂਝ ਰਾਹੀਂ ਪ੍ਰਮਾਤਮਾ ਦੀ ਯਾਦ ਵਿਚ ਜੀਵਨ ਬਤੀਤ ਕਰਕੇ ਗ੍ਰਹਿਸਤੀ ਦੇ ਜੀਵਨ ਨੂੰ ਧਨ ਧਨ ਕਿਹਾ। ਪਰ ਉਨ੍ਹਾਂ ਨੂੰ ਤਾਕੀਦ ਕਰਦੇ ਹੋਏ ਕਿਹਾ ਕਿ ਯਾਦ ਰੱਖੋ ਮਾਂ ਬਾਪ ਨੂੰ ਰੋਲ ਕੇ, ਬੱਚਿਆਂ ਨੂੰ ਰੁਆ ਕੇ ਤੇ ਘਰਵਾਲੀ ਨੂੰ ਖੱਜਲ ਖੁਆਰ ਕਰਕੇ ਤੇ ਜੰਗਲਾਂ ਪਹਾੜਾਂ ਆਦਿ ਦੀ ਖਾਕ ਛਾਣ ਕੇ ਤੁਸੀਂ ਰੱਬ ਨੂੰ ਭਾਲਦੇ ਹੋ, ਇੰਝ ਰੱਬ ਦੇ ਬੂਹੇ ਤੁਹਾਡੇ ਲਈ ਸਦਾ ਵਾਸਤੇ ਬੰਦ ਹਨ, ਉਹ ਕਦੇ ਵੀ ਨਹੀਂ ਖੁੱਲ ਸਕਦੇ। (ਚਲਦਾ)

(ਪੰਨਾ ੯ ਦਾ ਬਾਕੀ ...)

ਅਜਿਹੇ ਸਮਾਜ ਵਿਚ ਭਲਾ ਗੁਣਾ ਤੋ ਸੱਖਣੇ ਆਗੂਆ ਦੀ ਕੀ ਥਾਂ ਹੋ ਸਕਦੀ ਹੈ? ਤੇ ਕੀ ਵਿਹੂਣੇ ਅੰਨ੍ਹੇ ਆਗੂ ਸਮਾਜ ਨੂੰ ਵੀ ਗੁਣਹੀਣ ਅੰਧਲੇ ਮਾਰਗ ਵੱਲ ਨਹੀ ਧੱਕ ਦੇਣਗੇ?

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥
ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ॥
ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ॥ (ਪੰਨਾ ੭੬੭)
ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ॥ (ਪੰਨਾ ੯੫੧)

ਸੋ ਅਖੀਰ ਸੋਚਣਾ ਇਹ ਹੈ ਕਿ ਸਾਡੇ ਆਗੂ ਕਿਹੋ ਜਿਹੇ ਹੋਵਣ? ਕਿਹੜੇ ਗੁਣਾਂ ਦੇ ਧਾਰਨੀ ਹੋਵਣ? ਆਪਣੇ ਅਮਲੀ ਜੀਵਣ ਵਿਚ ਕਿਹੋ ਜਿਹਾ ਵਰਤਾਰਾ ਰੱਖਦੇ ਹੋਵਣ? ਅਤੇ ਗੁਣਾਂ ਦੇ ਧਾਰਨੀ ਇਨ੍ਹਾਂ ਗੁਣਵਾਨ ਆਗੂਆਂ ਦੀ ਚੋਣ ਕਿਵੇਂ ਹੋਵੇ?

ਇਕ ਆਗੂ ਦੇ ਗੁਣਾਂ ਦੀ ਗੱਲ ਕਰੀਏ ਤਾਂ ਉਸ ਵਿਚ ਦੂਰ ਦ੍ਰਿਸ਼ਟੀ ਈਮਾਨਦਾਰੀ, ਗੁਰਮਤਿ ਸਿਧਾਂਤਕ ਸਪਸ਼ਟਤਾ,ਨਿਰਭੈਤਾ, ਨਿਰਵੈਰਤਾ, ਨਿਮਰਤਾ ਸੱਚ ਆਚਾਰ ਇਤਿਆਦ ਗੁਣ ਹੋਣੇ ਚਾਹੀਦੇ ਹਨ ਅਤੇ ਇਹੋ ਜਿਹੇ ਆਗੂਆਂ ਨੂੰ ਚੁਣਨ ਲਈ ਸਾਡੀ ਮੌਜੂਦਾ ਵੋਟਤੰਤਰੀ ਪ੍ਰਣਾਲੀ ਵਿਚ ਕੁਝ ਸੋਧਾਂ ਕਰਕੇ ਤੇ ਗੁਣ ਵਿਹੂਣੇ ਲੋਕਾਂ ਨੂੰ ਕਿਸੇ ਤਰੀਕੇ ਚੋਣ ਲੜਨ ਦੇ ਅਧਿਕਾਰ ਤੋਂ ਵੰਚਿਤ ਕਰਕੇ ਇਸ ਪਾਵਨ ਕਾਰਜ ਦੀ ਆਰੰਭਤਾ ਕੀਤੀ ਜਾ ਸਕਦੀ ਹੈ। ਭਵਿੱਖ ਵਿਚ ਏਸੇ ਪ੍ਰਕਾਰ ਅੱਗੇ ਵਧਦਿਆਂ ਗੁਰਮਤਿ ਦੀ ਪੰਚ ਪਰਧਾਨੀ ਗੁਣਤੰਤਰ ਆਧਾਰਤ ਵਿਵਸਥਾ ਨੂੰ ਲਾਗੂ ਕਰਨ ਦਾ ਪ੍ਰੋਗਰਾਮ ਵੀ ਲਾਗੂ ਕਰਨਾ, ਕੋਈ ਬਹੁਤਾ ਬਿਖਮ ਭਾਵ ਅਸੰਭਵ ਕਾਰਜ ਨਹੀ ਹੋਵੇਗਾ। — — — — —


www.AKJ.Org

# ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਪ੍ਰਯੋਜਨ ਅਤੇ ਅਜੋਕਾ ਸੰਦਰਭ

*(ਸ: ਇੰਦਰ ਸਿੰਘ ਨੀਲਾ)*

ਗੁਰੂ ਨਾਨਕ ਸਾਹਿਬ ਦੇ ਆਗਮਨ ਦੇ ਸਮੇਂ ਸਾਡੇ ਦੇਸ਼ ਹਿੰਦੁਸਤਾਨ ਤੇ ਬਾਹਰਲੀ ਹਕੂਮਤ (ਮੁਸਲਮਾਨੀ) ਨੂੰ ੫੦੦ ਸਾਲ ਹੋ ਚੁਕੇ ਸਨ। ਇਤਨੇ ਲੰਬੇ ਅਰਸੇ ਵਿਚ ਸਾਡੇ ਬਜ਼ੁਰਗਾਂ ਨੇ ਨਜਾਤ ਹਾਸਲ ਕਰਨ ਲਈ ਸਵਾਇ ''ਅਹਿੰਸਾ ਪ੍ਰਮੋ ਧਰਮਾ'' ਅਤੇ ਦੇਵੀ ਦੀ ਰਖਸ਼ਾ ਮੰਗਣ ਤੇ ਦ੍ਰਿੜ ਰਹਿਣ ਦੇ ਕੋਈ ਖਾਸ ਉਦਮ ਨਹੀਂ ਕੀਤਾ। ਲੋਧੀ ਪਠਾਣਾਂ ਦੇ ਰਾਜ ਕਾਲ ਸਮੇਂ ਬਾਬਰ (ਮੁਗਲ) ਨੇ ਹਿੰਦੁਸਤਾਨ ਤੇ ਚੜ੍ਹਾਈ ਕਰਕੇ ਬੜੀ ਕਟਾ ਵੱਢ ਕੀਤੀ ਜਿਸਦਾ ਜ਼ਿਕਰ ਗੁਰੂ ਨਾਨਕ ਸਾਹਿਬ ਇਸ ਤਰ੍ਹਾਂ ਕਰਦੇ ਹਨ:

ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ।।.......
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ।।
ਇਕਨਾ ਪੇਰਣ ਸਿਰ ਖੁਰ ਪਾਟੇ ਇਕਨਾ ਵਾਸੁ ਮਸਾਣੀ।। (ਪੰਨਾ ੪੧੯)

ਮਗਰਲੇ ਗੁਰੂ ਸਾਹਿਬਾਨ ਨੇ ਵੀ ਜਾਤੀ ਵੰਡ ਤੇ ਬ੍ਰਾਹਮਣੀ ਕਰਮ ਕਾਂਡਾਂ ਤੋਂ ਇਲਾਵਾ ਰਾਜ ਦੇ ਕੁਕਰਮਾਂ ਦਾ ਵਿਰੋਧ ਵੀ ਜਾਰੀ ਰੱਖਿਆ ਅਤੇ ਜਬਰ ਦਾ ਮੁਕਾਬਲਾ ਆਪ ਵੀ ਕਰਦੇ ਰਹੇ ਅਤੇ ਉਮਤ ਨੂੰ ਵੀ ਤਿਆਰ ਕਰਦੇ ਰਹੇ। ਸਾਰੇ ਦੇਸ਼ ਵਿਚ ਪ੍ਰਚਲਤ ਸੀ ਕਿ ਗੁਰੂ ਨਾਨਕ ਦਾ ਘਰ ਹੀ ਦੋਹਾਂ ਮਾਮਲਿਆਂ ਤੇ ਠੀਕ ਸੇਧ ਦੇ ਰਿਹਾ ਹੈ। ਇਸੇ ਕਰਕੇ ਬਹੁਤੀ ਦੁਨੀਆਂ ਸਮੇਤ ਮੁਸਲਮਾਨਾਂ ਦੇ ਸ਼ਰਧਾਲੂ ਹੋ ਗਈ।

ਦੇਸ਼ ਦੇ ਉੱਤਰ ਪੱਛਮੀ ਹਿੱਸੇ (ਹੁਣ ਕਸ਼ਮੀਰ ਵਾਦੀ) ਵਿਚ ਇਕ ਗੁਫਾ ਅਮਰਨਾਥ ਨਾਂ ਦੀ ਹੈ ਜਿਥੇ ਬਰਫ ਦਾ ਸ਼ਿਵਲਿੰਗ ਜਿਹਾ ਬਣਦਾ ਰਹਿੰਦਾ ਹੈ। ਕਹਾਵਤ ਅਨੁਸਾਰ ਇਹ ਥਾਂ ਕਿਸੇ ਗੁੱਜਰ ਨੇ ਲੱਭੀ ਸੀ ਜੋ ਕਿ ਆਵਾਜਾਈ ਤੋਂ ਬਹੁਤ ਦੂਰ ਸੀ। ਬਰਫ ਦਾ ਇਲਾਕਾ ਹੋਣ ਦੇ ਕਾਰਨ ਉਥੇ ਪਹੁੰਚ ਰੱਖੜ- ਪੁੰਨਿਆ(ਜੁਨ-ਅਗਸਤ) ਦੌਰਾਨ ਹੀ ਸੌਖੀ ਤੇ ਠੀਕ ਸਮਝੀ ਜਾਂਦੀ ਹੈ। ਅੱਜਕਲ੍ਹ ਤਾਂ ਬਹੁਤੇ ਸ਼ਰਧਾਲੂ ਚਲੇ ਜਾਂਦੇ ਹਨ।

ਮੁਗਲ ਹਕੂਮਤ ਨੇ ਹਿੰਦੂਆਂ ਦੇ ਇਕੱਠ ਦੀ ਸਖ਼ਤ ਮਨਾਹੀ ਕੀਤੀ ਹੋਈ ਸੀ।ਭਾਰਤ ਦੇ ਕੁਝ ਬ੍ਰਾਹਮਣ ਆਗੂ ਹਕੂਮਤ ਨਜ਼ਰਾਂ ਤੋਂ ਓਹਲੇ ਇਥੇ 'ਕੱਠੇ ਹੋ ਕੇ ਇਸਲਾਮੀ ਹਾਕਮਾਂ ਦੇ ਜਾਬਰ ਤੋ ਬਚਣ ਦੀਆਂ ਵਿਚਾਰਾਂ ਕਰਦੇ ਸਨ। ਇਤਿਹਾਸ ਦੱਸਦਾ ਹੈ ਕਿ ਸੰਨ ੧੬੭੪ ਦੀ ਰੱਖੜ ਪੁੰਨਿਆ ਸਮੇਂ ਵੀ ਦੇਸ਼ ਦੇ ਬ੍ਰਾਹਮਣ ਇਸੇ ਮੰਤਵ ਲਈ 'ਕੱਠੇ ਹੋਏ ਇਕ ਪੰਡਤ ਕਿਰਪਾ ਰਾਮ ਨੇ ਆਪਣੇ ਅਨੁਭਵ ਅਨੁਸਾਰ ਸੁਝਾਅ ਦਿੱਤਾ ਕਿ ਗੁਰੂ ਨਾਨਕ ਸਾਹਿਬ ਨੂੰ ਗੁਰੂ ਮੰਨੋ ਅਤੇ ਉਨ੍ਹਾਂ ਦੀ ਗੱਦੀ ਪਾਸ ਫਰਿਆਦੀ ਹੋਵੇ ਤਦ ਤੁਹਾਡਾ ਬਚਾਅ ਹੋ ਸਕੇ ਗਾ। ਪੰਡਤਾਂ ਦਾ ਵੱਡਾ ਜਥਾ ਅਮਰਨਾਥ ਤੋ ਟੁਰ ਕੇ ਪੜਾਉ ਪੜਾਅ ਵਿਸਾਖੀ ੧੬੭੫ ਤੋਂ ਪਹਿਲਾਂ ਅਨੰਦਪੁਰ ਸਾਹਿਬ ਪੁੱਜ ਗਿਆ।ਨੌਵੇ ਪਾਤਸ਼ਾਹ ਤੇ ਹੋਰ ਗੁਰਸਿੱਖਾਂ ਨਾਲ ਕਾਫੀ ਸਮਾਂ ਗੰਭੀਰ ਵਿਚਾਰਾਂ ਹੋਈਆਂ ਹੋਣਗੀਆਂ, ਜੋ ਕਿ ਸਾਡੇ ਇਤਿਹਾਸਕਾਰਾਂ ਨੇ ਕੁਝ ਮਿੰਟਾਂ ਦੀ ਲਿਖਿਆ ਹੈ। ਪਾਤਸ਼ਾਹ ਨੇ ਸਾਰੇ ਹਾਲਾਤ ਤੇ ਡੂੰਘੀ ਵਿਚਾਰ ਕਰਕੇ ਇਹ ਨਿਰਨਾ ਲਿਆ ਤੇ ਪੰਡਤਾਂ ਨੂੰ ਆਦੇਸ਼ ਦਿੱਤਾ ਕਿ ਔਰੰਗਜ਼ੇਬ ਨੂੰ ਆਖ ਦੇਣ ਕਿ ਜੇਕਰ ''ਸਾਡੇ'' ਗੁਰੂ ਤੇਗ ਬਹਾਦਰ ਸਾਹਿਬ ਇਸਲਾਮ ਕਬੂਲ ਕਰ ਲੈਣ ਤਦ ਅਸੀ ਸਾਰੇ ਹੀ ਮੁਸਲਮਾਨ ਹੋ ਜਾਵਾਂਗੇ। ਪੰਡਤਾਂ ਨੇ ਹੌਸਲੇ ਨਾਲ ਬਾਦਸ਼ਾਹ ਕੋਲ ਦਰਖ਼ਾਸਤ ਪੇਸ਼ ਕਰ ਦਿੱਤੀ। ਜਿਸ ਤੇ ਔਰੰਗਜ਼ੇਬ ਖੁਸ਼ ਹੋ ਗਿਆ ਕਿ ਇਕ ਆਦਮੀ ਨੂੰ ਇਸਲਾਮ ਵਿਚ ਲੈ ਆਵਣਾ ਕੋਈ ਔਖੀ ਕਾਰ ਨਹੀ ਇਸਲਾਮ ਫੈਲਾਉਣਾ ਬੜਾ ਕਾਰਗਾਰ ਤੇ ਸਵਾਬ ਹੋਵੇਗਾ।

ਗੁਰੂ ਪਾਤਸ਼ਾਹ ਨੂੰ ਇਲਮ ਸੀ ਕਿ ਸ਼ਹਾਦਤ ਹੋ ਜਾਣੀ ਹੈ ਜਾਨਸੀਨ ਜਿਸ ਨੂੰ ਭਾਵੇਂ ਹਰ ਪ੍ਰਕਾਰ ਦੀ ਸਿਖਿਆ ਦਿੱਤੀ ਗਈ ਹੈ ਹਾਲੇ ਛੋਟਾ ਹੈ, ਨਿਰਮਲ ਪੰਥ ਹਾਲੇ ਮੁਕਾਬਲਾ ਕਰਨ ਲਈ ਠੀਕ ਤਿਆਰ ਵੀ ਨਹੀ, ਹਿੰਦੂ ਜਨਤਾ ਸਾਹ ਸਤ ਹੀਣ ਭਾਵ ਕੁਝ ਕਰ ਸਕਣ ਦੇ ਯੋਗ ਨਹੀ ਬਹੁਤ ਕਸ਼ਟ ਝੱਲਣੇ ਪੈਣਗੇ ਪਰ (ਗੁਰੂ) ਗੋਬਿੰਦ (ਸਿੰਘ) ਰਾਏ ਦੀ ਚੜ੍ਹਦੀ ਕਲਾ ਵੇਖ ਕੇ ''ਸਿਰ ਦੀਜੈ ਬਾਂਹਿ ਨ ਛੋੜੀਏ'' ਦਾ ਸੰਕਲਪ ਧਾਰ ਕੇ ਦਿੱਲੀ ਵੱਲ ਚਾਲੇ ਪਾ ਦਿੱਤੇ। ਇਸੇ ਦੌਰੇ ਦਾ ਮਕਸਦ ਨਿਰਬਲ ਜਨਤਾ ਨੂੰ ਸਮਝਾ ਬੁਝਾ ਕੇ ਜਗਾਉਣਾ ਸੀ।


www.AKJ.Org

ਗੁਰੂ ਸਾਹਿਬ ਨੂੰ ਡੇਗਣ ਲਈ ਚੰਗੇ ਗੁਰਸਿੱਖਾਂ ਨੂੰ ਗੁਰੂ ਸਾਹਿਬ ਦੇ ਸਾਹਮਣੇ ਅਸਹਿ ਕਸ਼ਟ ਦੇ ਕੇ ਸ਼ਹੀਦ ਕੀਤਾ ਗਿਆ। ਲਾਮਿਸਾਲ ਸ਼ਹੀਦੀ ਸਾਕਾ ਹੋ ਕੇ ਹੀ ਰਿਹਾ। ਇਸ ਵੱਡੇ ਭਿਆਨਕ ਸਾਕੇ ਨੇ ਸਿੱਖਾਂ ਨੂੰ ਤਾਂ ਜੋਸ਼ ਦੇਣਾ ਹੀ ਸੀ, ਸਰਧਾਲੂਆਂ ਤੋਂ ਇਲਾਵਾ ਆਮ ਹਿੰਦੂ ਮੁਸਲਮਾਨ ਨੇ ਵੀ ਇਕੋ ਜਿਹਾ ਦੁੱਖ ਮਹਿਸੂਸ ਕੀਤਾ। ਜਿਥੇ ਇਸ ਸ਼ਹਾਦਤ ਤੇ ਹਕੂਮਤ ਨੇ ਯਕਦਮ ਗੁਰਗੱਦੀ ਨੂੰ ਦੁਸ਼ਮਣ ਕਰਾਰ ਦੇ ਕੇ ਸਖਤੀ ਨਾਲ ਮਲੀਆਮੇਟ ਕਰ ਦੇਣ ਤੇ ਲੱਕ ਬੰਨ੍ਹ ਲਿਆ ਉਥੇ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਮਿਹਨਤ ਕਰਨੀ ਪਈ।ਹਕੂਮਤ ਤਾਂ ਦੁਸ਼ਮਣ ਹੈ ਹੀ ਸੀ ਪਹਾੜੀ ਹਿੰਦੂ ਰਾਜੇ ਤੇ ਬ੍ਰਾਹਮਣ ਦੇਵਤੇ ਨੇ ਗੁਰੂ ਤੇਗ ਬਹਾਦਰ ਜੀ ਨੂੰ ਮੰਨ ਕੇ ਵੀ ਆਪਨਾ ਕਰਤਵ ਨਹੀ ਛੱਡਿਆ। ਗੁਰੂ ਨਾਨਕ ਘਰ ਨਾਲ ਕੇਵਲ ਖਾਰਬਾਜ਼ੀ ਹੀ ਨਹੀ ਜਾਰੀ ਰੱਖੀ ਸਗੋਂ ਹਕੂਮਤ ਦਾ ਹਰ ਵੇਲੇ ਜੰਗਾਂ ਯੁੱਧਾਂ ਵਿਚ ਵੀ ਸਾਥ ਦਿੱਤਾ। ਤਾਰੀਖ ਗਵਾਹ ਹੈ।

ਇਥੇ ਇਕ ਗੱਲ ਵਿਚਾਰਨੀ ਬਣਦੀ ਹੈ 'ਗੁਰੂ ਬਣਨ ਤੋਂ ਪਹਿਲਾਂ ਤੇਗ ਮੱਲ (ਗੁਰੂ ਹਰਿਗੋਬਿੰਦ ਸਾਹਿਬ ਦਾ ਸ਼ਾਹਿਬਜ਼ਾਦਾ) ਜੰਗੀ ਵਿੱਦਿਆ ਵਿਚ ਨਿਪੁੰਨ ਸੀ, ਨੇ ਹਕੂਮਤ ਦੀਆਂ ਫੌਜਾਂ ਨਾਲ ਲੜ ਕੇ ਚੰਗੇ ਜ਼ੌਹਰ ਵਿਖਾਏ, ਤਦ ਹਜ਼ੂਰ ਨੇ ਇਨ੍ਹਾਂ ਦਾ ਨਾਂ ਥੋੜ੍ਹਾ ਜਿਹਾ ਬਦਲ ਕੇ ਤੇਗ ਬਹਾਦਰ ਕਰ ਦਿੱਤਾ। ਮਗਰੋਂ ਬਾਬਾ ਬਕਾਲਾ ਗੁਰਮਤਿ ਅਨੁਸਾਰ ਕ੍ਰਿਤ ਕਾਰ ਕਰਦੇ ਜੰਗੀ ਮਸ਼ਕਾਂ ਕਰਦੇ ਚੜ੍ਹਦੀ ਕਲਾ ਵਿਚ ਰਹਿੰਦੇ ਰਹੇ। ਸਿੱਖ ਇਤਿਹਾਸ ਪੜ੍ਹਦਿਆਂ ਦੁੱਖ ਲਗਦਾ ਹੈ ਕਿ "ਕਿਸੇ ਨਾਲ ਗੱਲ ਨਹੀਂ ਸੀ ਕਰਦੇ, ਭੋਰੇ ਵਿਚ ਹੀ ਵੜੇ ਰਹਿੰਦੇ ਸਨ" ਅਤੇ ਹੋਰ ਬਹੁਤ ਕੁਝ .....ਜੋ ਕਿ ਹੈ ਹੀ ਗੁਰਮਤਿ ਵਿਰੁੱਧ। ਮਹਾਰਾਜ ਨੂੰ ਆ ਰਹੇ ਸਮੇਂ ਦੀ ਸ਼ਕਲ-ਸੂਰਤ ਦਾ ਭਲੀ ਪ੍ਰਕਾਰ ਗਿਆਨ ਸੀ ਤੇ ਆਪਣੇ ਨਿਕਟਵਰਤੀ ਸਿੱਖਾਂ ਨੂੰ ਜ਼ਰੂਰ ਹੀ ਤਿਆਰ ਕਰ ਰਹੇ ਹੋਣਗੇ। ਹੋਰ ਘੋਰ ਗਲਤੀ-ਉਨ੍ਹਾਂ ਦੀਆਂ ਕਲਪਤ ਤਸਵੀਰਾਂ ਵੀ ਗੁਰਮਤਿ ਦੇ ਉਲਟ ਬਣਾਈਆਂ ਹਨ।

ਦਸਮ ਪਾਤਸ਼ਾਹ ਨੇ ਅਣਗਿਣਤ ਕੁਰਬਾਨੀਆਂ ਕੀਤੀਆਂ। ਜ਼ਾਲਮ ਬਦੇਸ਼ੀ ਰਾਜ ਦੀ ਜੜ੍ਹ ਪੁੱਟ ਦਿੱਤੀ। ਹਿੰਦੂ ਜਾਤੀ ਵਿਚ ਜੀਉਂ ਸਕਣ ਦੀ ਸਪਿਰਿਟ ਭਰੀ, ਨੀਵੇਂ ਤਬਕੇ ਨੂੰ ਉੱਚਾ ਚੁੱਕ ਕੇ ਬਰਾਬਰੀ ਦੇ ਕੇ ਰਾਜ ਯੋਗ ਬਣਾਇਆ। ਪਰ ਲਾਲਾ ਦੌਲਤ ਰਾਏ ਦੇ ਲਫ਼ਜ਼ਾਂ ਵਿਚ 'ਵਾਹ ਰੇ ਅਕ੍ਰਿਤਘਣ ਹਿੰਦੂ ਕੌਮ.....' ਲੋਕਾਈ ਵਿਚ ਜਾਗਰਤਾ ਆ ਜਾਣ ਦੇ ਬਾਵਜੂਦ ਇਹ ਕੌਮ ਅੱਜ ਵੀ ਉਥੇ ਹੀ ਖੜ੍ਹੀ ਹੈ। ਕਰਮਕਾਂਡ ਛੱਡੇ ਨਹੀਂ, ਸਗੋਂ ਵਹਿਮ-ਭਰਮ ਵਧਾਏ ਜਾ ਰਹੇ ਹਨ—ਕਬਰਾਂ ਵੀ ਪੂਜੀਆਂ ਜਾ ਰਹੀਆਂ ਹਨ ਤੇ ਦੇਵੀ ਤੋਂ ਰੱਖਿਆ ਮੰਗੀ ਜਾ ਰਹੀ ਹੈ। ਸਾਡੇ ਲੀਡਰਾਂ ਦੀ ੧੯੮੪ ਦੇ ਘੱਲੂਘਾਰੇ ਨੂੰ ਭੁੱਲਣ ਦੀ ਨਸੀਹਤ ਤਾਂ ਠੀਕ ਹੈ ਪਰ ਤਾਰੀਖ ਦਾ ਹਿਸਾ ਹੈ ਤੇ ਕੁਝ ਸਬਕ ਹਾਸਲ ਕਰਨਾ ਹੈ। ਚੁੰਗਲ ਵਿਚ ਸੋਚ-ਸਮਝ ਕੇ ਫਸਣਾ ਹੈ। ਗੁਰੂ ਰਖਿਆ ਕਰੇ।

## ਭਾਈ ਕਿਰਪਾਲ ਸਿੰਘ, ਬੀਬੀ ਦਰਸ਼ਨ ਕੌਰ, ਟ੍ਰਸਟ (ਰਜਿਸਟਰਡ)

ਭਾਈ ਕਿਰਪਾਲ ਸਿੰਘ ਜੀ ਸਪੁੱਤਰ ਸ:ਨਰੈਣ ਸਿੰਘ ਖਾਲਸਾ ਲੁਧਿਆਣਾ ਵਾਸੀ ਨੇ ਆਪਣੀ ਸਾਰੀ ਪੂੰਜੀ ਜੋ ਕਿ ਬੈਂਕ ਅਤੇ ਡਾਕਖਾਨੇ ਵਿਚ ਜਮ੍ਹਾਂ ਹੈ ਉਪਰੋਕਤ ਨਾਂ ਦਾ ਟ੍ਰਸਟ ਬਣਾ ਕੇ ਉਸਦੇ ਨਾਂ ਕੀਤੀ ਹੈ।

ਭਾਈ ਕਿਰਪਾਲ ਸਿੰਘ ਜੀ ਅਤੇ ਉਨ੍ਹਾਂ ਦੀ ਸਿੰਘਣੀ ਬੀਬੀ ਦਰਸ਼ਨ ਕੌਰ ਜੀ ਆਪਣੀ ਜਿੰਦਗੀ ਵਿਚ ਉਪ੍ਰੋਕਤ ਰਕਮ ਦਾ ਸੂਦ ਆਪਣੇ ਗੁਜ਼ਾਰੇ ਲਈ ਵਰਤਦੇ ਰਹਿਣਗੇ ਅਤੇ ਉਨ੍ਹਾਂ ਦੀ ਇਹ ਲੋਚਾ ਹੈ ਕਿ ਉਨ੍ਹਾਂ ਤੋਂ ਬਾਅਦ ਹਰ ਸਾਲ ਉਨ੍ਹਾਂ ਦੇ ਨਮਿਤ ਸ੍ਰੀ ਅਖੰਡ ਪਾਠ ਸਾਹਿਬ, ਕੀਰਤਨ ਅਤੇ ਲੰਗਰ ਕਰਾ ਕੇ ਬਚਦੀ ਮਾਇਆ ਵੀ ਗੁਰਬਾਣੀ ਪ੍ਰਚਾਰ ਅਤੇ ਹੋਰ ਧਰਮ ਕਾਰਜਾਂ ਲਈ ਵਰਤੀ ਜਾਇਆ ਕਰੇ ।

## ਦਿੱਲੀ ਦੀਆਂ ਸੰਗਤਾਂ ਦਾ ਹਾਰਦਿਕ ਧੰਨਵਾਦ

*ਭਾਈ ਗੁਰਬਚਨ ਸਿੰਘ ਜੀ ਤੇਲ ਵਾਲੇ ਅਤੇ ਹੋਰ ਸਹਿਯੋਗੀ ਸੱਜਣਾਂ ਦਾ ਸੂਰਾ ਪਰਿਵਾਰ ਤਹਿ ਦਿਲੋਂ ਸ਼ੁਕਰਗੁਜ਼ਾਰ ਹੈ ਜਿਨ੍ਹਾਂ ਨੇ 4 ਨਵੰਬਰ ਤੋਂ 20 ਨਵੰਬਰ ਤੱਕ ਗੁ: ਬੰਗਲਾ ਸਾਹਿਬ ਵਿਖੇ ਪੁਸਤਕ ਪ੍ਰਦਰਸ਼ਨੀ ਵਿਚ ਲੱਗੇ ਸੂਰਾ ਦੇ ਸਟਾਲ ਤੇ ਸੇਵਾਦਾਰਾਂ ਨੂੰ ਨਿੱਘਾ ਸਹਿਯੋਗ ਅਤੇ ਖਾਤਰਦਾਰੀ ਕਰਕੇ ਨਿਵਾਜਿਆ। ਗੁਰੂ ਪਾਤਸ਼ਾਹ ਆਪਣੇ ਨਿਮਾਣੇ ਸੇਵਾਦਾਰਾਂ ਨੂੰ ਹੋਰ ਚੜ੍ਹਦੀ ਕਲਾ ਬਖਸ਼ ਕੇ ਸੰਗਤਾਂ ਦੀ ਸੇਵਾ ਦੇ ਸੁਭਾਗ ਮੌਕੇ ਬਖਸ਼ੀ ਰੱਖਣ।*

ਦਾਸਰੇ - ਸੂਰਾ ਪਰਿਵਾਰ



www.AKJ.Org

## THOUGHTS ON GURU TEGH BAHADUR's MARTYRDOM DAY
## HOW DEATH IS CONQUERED!

(Bhagwant Singh Dalawari)

SIKH & FEAR do not go together. FEAR OF DEATH IN THE CASE OF A SIKH is a contradiction in terms. Doesn't our Guru, the perpetual Guru Granth Sahib teach us in the words of Kabir?

**"Ab Kaise Marun Man Mania Mar Mar Jaate Jin Raam Na Jania"**

Exactly,even today, persons in garb of Sikh apparel and appearance drenched in their lowly pursuits of material illusion cannot realise the magnificent contribution that our Gurus and the Sikhs of yore have made towards the conquest of Death. Indeed, the months of November, December and January come to reiterate to me that the Grandfather, the Son and the Grandsons PRACTICALLY laid bare to the Sikhs the powerless poison of Death, the ineffective dose of Fear of Death, the inability of the Sword to kill the Saviours of Mankind and the deathlessness of those who are willing to face death squarely.

Sometimes I wonder at the helplessness of those who look upto the wordly treasures or who bank upon their wordly relations or who boast about the comforts that they can provide themselves . Do they know that Guru Gobind Singh himself proclaimed in a message tothe Lord Lord that WITHOUT HIM, he was not interested in comforts. WITHOUT HIM, even the quilts were a disease and WITHOUT HIM, he could never be in peace. And when did he say so ? In the MACHCHIWARA, where in the case of wordly people and in terms of wordlt existence, he was in terrible straits Followed by the enemy, bereft of his companions and his sons, physically tired in the extreme and DEATH knocking at his door, the Guru defied adversity, defied the fear of Death, defied Death itself. But, have we pondered over the question. How did he do so ? How can one do so ? The answers are all there in the words and deeds of our Masters and the implementation of their commands by indomitable Sikhs like Bhai Dayala, Bhai Mati Dass, Bhai Sati Dass and countless others Surely, we cannot lose the mattle of our forefathers so soon. Sikhism was born with the birth of Guru Nanak (1469) and has passed throughvarious viccissitudes always FREE, always AT THE TOP, always fearless. ALWAYS defiant against tyranny, fear and Death and yet we seem to give way under the weight of ruthless, unprincipled rules who have ONE aim and who are aided by unscrupulous Sikhs who neither know Sikhism nor live Sikhism nor indeed have respectful devotion to its authority. Out of ten Gurus, Two offered themselves to Death only to conquer it,the last Guru-in-person, Guru Gobind Singh ACTUALLY asked for and received the consent for DEATH of his discipled on Baisakhi Day in 1699 only to ENABLE THEM to CONQUER DEATH, And here is the scenario complete in its grandeur full in its mystique and incomparable to any other deliberate method of KILLING death for all times to come.


www.AKJ.Org

Sometimes when I think of Bhai Mani Singh or Bhai Taru Singh or for any Sikh of Guru,I marvel at their strength of character and their clinging to the life of endless struggle MERELY them to be free, to be able to live in ANAKH in life and to render to the society at large their best in life and death. I marvel at the courage and steadfastness and ADOLTA of Bhai Mati Dass when fixed under the saw, he wishes his face to remain attached to Guru's feet. Some years ago,I was fascinated by the heart-felt devotion screaming in these lines by some unknown Sikh:

**Chamkaur ke Maidan Se Sandesh Hai Aya**
**Sarhand ki Diwaron Ne Hai Mujh ko Bulaya**
**Mati Dass ke Aare Ne Mujh ko Lalkara**
**Bhai Dayale ki Degh Ne Mujhko hai Pukara**
**Satidass ki Razai Mujhko Sabak Sikhae**
**Sis Jae Tau Baishak Jaye Par Sidak Na Jaye**
**Kab Hogi Poori Aarzoo Mujhoko Batlayo**
**kab Ubala Jayoonga Mujhko Samjhao**
**Mere Tan ko Aaron ka kab pyar Milega**
**Charakharion pe Charh Jaane ka kab Avsar Milega**
**Jisko Tou Ne Janam Dia Voh Mit Na Sakega**
**Jisko Tou Ne pyar kia Voh Jhuk Na Sakega.**

(I get messages from Chamkaur Sahib, where Ajit and Jujhar were martyred: the walls of Sirhind(in which Zorawar and Fateh Singh were bricked alive) sent for me: The saw of Mati Dass challenges me and the cauldron of Dayala beckons me. The quilt of Sati Das gives me a lesson-- LET ME LOSE MY HEAD BUT NEVER MY FAITH- -------- When shall my yearning be met? When shall I be boiled alive tell me, My Lord. When shall my body receive the love of the saws of Mati Dass? When shall I get the opportunity to be crushed by wheels?...........Oh my Guru, the one who is born out of your love will never be eliminated;the one who has received your love, will never bow to insolent might.)

Then I happened to meet the writer of this piece The SATSANG with him was a great enriching experience. He literally meant what he wrote. Discussing the conquest of death that our Gurus themselves achieved and then bequeathed the legacy to us, the writer told me that a Sikh could never be frightened could never frighten anyone. So long as the blood of Guru Tegh Bahadur, his illustrious son Guru Gobind Singh and his four sons,the SAHIBZADAS, runs in the veins of a Sikhs, he would fight tyranny with righteousness, he would selflessly serve others without rewards and recognition he would practice the universality of Guru Granth Sahib in theory and in every day life. Indeed he would live as if he were dead and he would die as if he was ever going to live. There is no doubt that our martyrs are MORE ALIVE today than they ever were when they breathed. It is because of their life and their martyrodom that we can breathe in freely.


www.AKJ.Org

After all what makes a man afraid of death?

His attachment? His fear of the unknown? His unexpected adversity? His unexpected death or death of his family members? Now,all these and indeed all his parameters of FEAR have been taken care of by our Gurus and Guru Granth Sahib today majestically directs the life of a Sikkh.If the Sikh is IN REALITY prepared to live the dictates that emnate from Guru Granth Sahib--from the mouths of Kabir Farid Ravidas, Namdev besides our Gurus -- where indeed is the basis of Fear any kind of fear including the fear of Death? Let us look at the message:

PANKAJ MOH PAG NAHIN CHALE. HAM DEKHAN TEH DOOB ALE (In the quagmire of attachment one's feet cannot move: I have witnessed their drowning.)

Where is the fear of attachment?

**kiv Sachiara Hovie kiv koore Tute Paal**

**Hukam Rajai Chalna Nanak Likhya Naal**

(How can we be living in Truth and how can we break the wall of false hood? Says Nanak: we should abide by the LOrd's will in all circumstances)

Where then is the fear of the unknown?

**Jan Raaj Dehn Tan kaun Vadiai, Bhik MangaenTau kya Ghat Jai**

(If you give me the kingdom, what glory does accrue to me? If you make me beg,what do I lose?)

Where is the fear of adversity, then?

**Eh Man pyaria Toun Sada Sach samale**

**Eh Kutambh Toun Jan Dekhda Chale Nahin Tere Naale.**

(Oh my beloved mind keep safely the Lord's Name,i,e.Truth: The family that you see around will not go with you.)

How can one be worried about the death of one self or one's dear ones?And the message is clear:

**Sura Sau Pehchaniye Jau Larre Din ke Het**

**Purza purza kat Mare kabhu Na Chhade khet.**

(The Brave is the one who fights for the downtrodden; he is cut into pieces but he never runs away from the battlefield of righteousness).

And indeed, Kabir's masterpiece from Guru Granth Sahib :

**Jis MarneTeJag Dare, Mere Man Anand**

**Marne Hee Te Payeeye poor. ı Parmanand.**

(The death which frightens the whole world produces ecstasyin me, because only with death does one attain the Lord who is perfect Happiness).

Let me conclude this piece with a tribute to Guru Tegh Bahadurin the poem of a devoted disciple: (inHindi)

**Mere Sache Patshah Gur Teghbahadur,**

**Barson Se Sara Desh kahe Tu Hindi ki Chadar.**

**Zulam Ne Jab Dunia ko Tha Bahut Sataya,**



www.AKJ.Org

Khalke khuda ke prem Ne Tera Dil Piglaya.
Guru Nanak ka khoon Tab tere Jigar Mein Khoula,
Insniyat ka pyar tere Hirde Mein Bola,
Tune Apna Sis Diya Tha Dharam ki khatir,
Sabko Hak Hai Us Pooja ka Jiska Voh Patar.
Kashmir ke Aye The Jab Voh Dukhi Brahmin,
Khauf Se Pakra Tha Aake Tera Daman.
Aap ke Jab Taras Ne Tha Diya Dilasa,
Un Panditon ki Musibton ka Suna Khulasa.
Chain Se Rehne Na De Yeh Aurangzeb,
Zulum Se Musalmaan Banaye Aur Kare Phareb.
Maut Ka Dar Deke Ham ko kare Pareshan,
Aap Garibnawaj Ho Ab Bachao Jaan.
Ghambeerta Se Dekh Raha Tha Gobind Pyara,
Apne Pita Se Poochchta Tha Haal Sara.
Satgur Bole premse Sun Ai Mere Laal,
Aurangzeb NeZulum ka Hai Bichaya Jaal.
Desh ko Darkar Hai Ik Aisa Mahatma,
Deke Apni Jaan Bacha Le Desh ki Aatma
Apne Pita ko Bola Phir Yeh Gobind Balak
Aapse Barh kar koi Nahin Ab Dharam ka Palak
Muskrae TeghBahadur Aur Josh Mein Aaye
Kehdo Aurangzeb Se Tumko Na Sataye.
Ham Banege Musalman Gar Guru ko Banao
Guru Hamara Rehbar Hai Pehle Usko Manao
Jis Maut Se Sara Jag Sada Rahe Ghabraya
Us maut ko Dawat Dekar Tu Ne Bulaya
Kat Diya Sar Maut Ka Aur Jeena Sikhaya
Apne Sikhon Mein Maut Ka Dar Mar Chukaya.
Ek Bhikhari Aaya Hai Ab Jholi Phailaye
Bhar Do Jholi Shahidi Se Voh Khaali Na Jaya.

(Oh my true king, Guru Tegh Bahadur, over the years they call you THE COVER- - SHEET OF THE COUNTRY.When zulum had terribly harassed the people, your heart metled for the love of people. Guru Nanak's blood in you boiled into Love of humanity in your heart. For the sake of Dharma, you offered your head so that the freedom of worship is not challenged. When Kashmiri Brahmins, terrorstricken, came to you to hold your 'daman' or 'pallu' and your graciousness gave them solace, they related their tales of woe."Aurangzeb does not let us remain in peace and wants us to become Muslims by force and treachery. BY frightening us to death, he harasses us. Since you are the protector of the poor, save our lives,save the Brahmins".Gobind


www.AKJ.Org

Rai was seriously watching the scene; then enquired from his father about the whole matter. The Guru lovingly told his son that Aurangzeb had spread his trap of zulum. The country now needs a great soul who can sacrifice his life to save the soul of who country. The child Gobind told his father: "Who can be greater than you at this moment, who can protect the Dharma?"Guru Tegh Bahadur smiled and with full glory on his face told the Brahmins to go and tell Aurangzeb not to worry you anymore. Tell him: "we are prepared to become Muslims if you make Guru Tegh Bahadur Muslims; because he is our leader,he should first be converted." Thus he gave an invitation to Death which terrifies the whole world cut its head.Thus he taught us how to live and eradicated Sikhs. Here is a beggar, Guru Tegh Bahadur,at your door with his beggar-bowl JHOLI, fill it with the GIFT OF MARTYRDOM; let your beggar not return empty-handed ! The Sikh's life has to be the manifestation of Guru Nanak's commands: JAU TAU PREM KHELAN KA CHAO, SIR DHAR TALI GALI MERI AAO (if you wish to play the game of love, come with your head on the palm.) That's why Bhakt Ravidas makes it clear:

**"Kaha Bhayo Jau Tan Bhayo chhin chhin**
**Prem Jaya Tau Darpo Tero Jan"**

(What does it matter if my body is cut to pieces; all I am afraid is that I do not lose the love of my Lord.)

This is the personification of a Sikh. Then where is the FEAR OF DEATH.Death comes as a bride to the Sikh who lives and dies for righteousness.

## ਅਮਰ ਸ਼ਹੀਦ ਨੌਵੇ ਪਾਤਸ਼ਾਹ

(ਗਿ: ਗੋਪਾਲ ਸਿੰਘ 'ਮਿੱਤਰ')

ਦੇਗ ਤੇਗ ਧਨੀ ਨੌਂਵੇ ਪਾਤਸ਼ਾਹ । ਸਾਨੀ ਤੇਰਾ ਅੱਜ ਤੀਕ ਆਇਆ ਨਹੀ ਕੋਈ ਸੰਸਾਰ ਤੇ।
ਹਿੰਦੂ ਕੌਮ ਹੋਈ ਸੀ ਨਿਮਾਣੀ ਤੇ ਨਿਤਾਣੀ ਜਦੋਂ ਗੜੇ ਮਾਰ ਹੋ ਰਹੀ ਸੀ ਏਸ ਦੀ ਬਹਾਰ ਤੇ ।
ਰਿਸ਼ੀ ਮੁਨੀ ਸਾਧ ਸੰਤ ਚੁਪ ਚਾਪ ਵੇਖਦੇ ਸੀ ਕਿਸੇ ਨੂੰ ਨਾ ਤਰਸ ਆਇਆ ਏਸ ਦੁਖਿਆਰ ਤੇ ।
ਬਾਂਹ ਫੜੀ ਦੁਖੀਆਂ ਦੀ, ਹੰਝੂ ਪੂੰਝ ਰੋਂਦਿਆਂ ਦੇ ਧਰਮ ਨਾਵ ਡੁਬਦੀ ਬਚਾਈ ਆਪਾ ਵਾਰ ਕੇ ।੧।
ਤੇਰੀ ਕੁਰਬਾਨੀ ਰੰਗ ਲਾਇਆ ਜਗ ਡਿੱਠਾ ਚਲ ਪਿਆ ਸ਼ਹੀਦੀਆ ਦਾ ਦੌਰ ਅਣਖ ਆਣ ਲਈ।
ਬੰਦ ਬੰਦ ਕਟਾਏ ਕਿਸੇ ਖੋਪਰੇ ਲੁਹਾਏ ਕਈ ਚਰਖ੍ਹਿਆਂ ਤੇ ਰਾਖੀ ਧਰਮ ਸ੍ਵੈ ਮਾਨ ਲਈ।
ਬੀਰਤਾਂ ਦੇ ਸੁੱਤੇ ਅਰਮਾਨਾਂ ਅੰਗੜਾਈ ਲਈ ਦਸਮ ਪਿਤਾ ਤੇਗ ਫੜੀ ਧਰਮ ਨੂੰ ਬਚਾਣ ਲਈ।
ਜੜ੍ਹੋਂ ਪੁਟ ਦਿੱਤਾ ਮੁਗਲ ਰਾਜ ਸੱਤਾਂ ਪੀੜ੍ਹੀਆਂ ਦਾ ਸੁਖ ਦੇ ਦਿਹਾੜੇ ਆਏ ਮਿੱਤਰ ਹਿੰਦੁਸਤਾਨ ਲਈ।੨।
ਚਾਹੀਦਾ ਸੀ ਦਿਨ ਇਹ ਸ਼ਹੀਦੀ ਹਿੰਦੂ ਵੀਰ ਸਾਰੇ ਹੋਇ ਕੇ ਇੱਕਠੇ ਸਾਰੇ ਮੰਦਰਾਂ 'ਚ ਮਨਾਂਵਦੇ।
ਕਰਦੇ ਸ਼ੁਕਰਾਨ ਰਲ ਨੌਂਵੇਂ ਗੁਰੂ ਨਾਨਕ ਦਾ ਸ਼ਰਧਾ ਦੇ ਫੁੱਲ ਸ਼ਹੀਦ ਗੁਰੂ ਨੂੰ ਚੜ੍ਹਾਉਂਦੇ।
ਜਿਨ੍ਹੇ ਹਿੰਦੂ ਧਰਮ ਵਾਲੀ ਬੇੜੀ ਕੱਢੀ ਕਪਰਾਂ ਚੋਂ ਉਸ ਮਹਾਨ ਗੁਰੂ ਜੀ ਦੀ ਸਿਫਤ ਸਾਰੇ ਗਾਂਵਦੇ।
ਰਹਿ ਗਿਆ ਏ ਸਿਖ ਕੌਮ ਲਈ ਇਹ ਸ਼ਹੀਦੀ ਪੁਰਬ, ਹਰ ਥਾਂ ਗੁਰਦੁਆਰਿਆਂ ਚਿ ਇੱਕਤਰ ਹੋ ਮਨਾਂਵਦੇ।੩।


www.AKJ.Org

# ਬੁੱਤ ਪ੍ਰਸਤੀ ਤੇ ਸਿੱਖ

(ਸ੍ਰ: ਗੁਰਚਰਨਜੀਤ ਸਿੰਘ ਐਡਵੋਕੇਟ)

(ਨਵੰਬਰ ਅੰਕ ਤੋਂ ਅਗੇ...)

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਸਦਾ-ਸ਼ਿਵ ਵਾਹਿਗੁਰੂ ਨੂੰ ਪੱਥਰ ਵਿਚ ਸਥਾਪਿਤ ਕਰਣ ਪ੍ਰਥਾਇ ਸੂਹੀ ਰਾਗ ਵਿਚ ਇਸ ਤਰਾਂ ਬਚਨ ਕੀਤੇ..

ਘਰ ਮਹਿ ਠਾਕੁਰੁ ਨਦਰਿ ਨ ਆਵੈ॥ ਗਲ ਮਹਿ ਪਾਹਣੁ ਲੈ ਲਟਕਾਵੈ॥੧॥
ਭਰਮੇ ਭੂਲਾ ਸਾਕਤੁ ਫਿਰਤਾ॥ ਨੀਰੁ ਬਿਰੋਲੈ ਖਪਿ ਖਪਿ ਮਰਤਾ॥੧॥ਰਹਾਓ॥
ਜਿਸੁ ਪਾਹਣ ਕਉ ਠਾਕੁਰੁ ਕਹਤਾ॥ ਓਹੁ ਪਾਹਣੁ ਲੈ ਓਸ ਕਉ ਡੁਬਤਾ॥੨॥
ਗੁਨਹਗਾਰ ਲੂਣ ਹਰਾਮੀ॥ ਪਾਹਣ ਨਾਵ ਨ ਪਾਰਗਿਰਾਮੀ॥੩॥
ਗੁਰ ਮਿਲ ਨਾਨਕ ਠਾਕੁਰੁ ਜਾਤਾ॥ ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥੪॥੩॥੯॥(ਪੰਨਾ ੭੩੯)

ਗੁਰਮਤ ਦੇ ਇਸ ਅਸੂਲ ਨੂੰ ਦ੍ਰਿੜ ਕਰਦਿਆਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਰਪਾ ਕਰਦੇ ਹਨ,

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਇਓ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥੩੦॥(ਤ੍ਵ ਪ੍ਰਸਾਦਿ ਸਵੱਯੇ)

ਜਾਗਤ ਜੋਤ ਅਕਾਲ ਪੁਰਖ ਦੀ ਪੂਜਾ ਛੱਡ ਕੇ ਬੁੱਤ ਪ੍ਰਸਤੀ ਬਾਰੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਪਸ਼ਟ ਹੁਕਮ ਕੀਤਾ,

ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥
ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥੧॥
ਠਾਕੁਰੁ ਹਮਰਾ ਸਦ ਬੋਲੰਤਾ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ॥੧॥ ਰਹਾਉ ॥
ਅੰਤਰਿ ਦੇਉ ਨ ਜਾਨੈ ਅੰਧੁ॥ ਭ੍ਰਮ ਕਾ ਮੋਹਿਆ ਪਾਵੈ ਫੰਧੁ॥
ਨ ਪਾਥਰੁ ਬੋਲੈ ਨਾ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ॥੨॥ (ਪੰਨਾ ੧੧੬੦)

ਭਾਈ ਗੁਰਦਾਸ ਜੀ ਆਪਣੇ ਕਬਿੱਤ ਸੱਵੈਯੇ ਵਿਚ ਮੂਰਤੀ ਪੂਜਾ ਨੂੰ ਇਕ ਅਗਿਆਨਤ ਦੱਸਦੇ ਹਨ :-

ਜਾਕੋ ਨਾਮੁ ਹੈ ਅਜੋਨੀ ਕੈਸੇ ਕੈ ਜਨਮੁ ਲੈ॥ ਕਹਾ ਜਾਨ ਬ੍ਰਤ ਜਨਮਾਸਟਮੀ ਕੋ ਕੀਨੋ ਹੈ।
ਜਾਕੋ ਜਗਜੀਵਨ ਅਕਾਲ ਅਬਿਨਾਸੀ ਨਾਮੁ॥ ਕੈਸੇ ਕੈ ਬਧਿਕ ਮਾਰਿਓ ਅਪਜਸੁ ਲੀਨੋ ਹੈ॥
ਨਿਰਮਲ ਨਿਰਦੋਖ ਮੋਖਪਦੁ ਜਾਕੇ ਨਾਮਿ॥ ਗੋਪੀਨਾਥ ਕੈਸੇ ਹੁਇ ਬਿਰਹ ਦੂਖ ਦੀਨੋ ਹੈ।
ਪਾਹਨ ਕੀ ਪ੍ਰਤਿਮਾ ਕੇ ਅੰਧ ਕੰਧ ਹੇ ਪੁਜਾਰੀ ਅੰਤਰਿ ਅਗਿਆਨ ਮਤ ਗਿਆਨ ਗੁਰ ਹੀਨੋ ਹੈ॥੪੮੫॥

ਕਾਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਗ੍ਰੰਥ ਵਿਚ ਇਸ ਅਸੂਲ ਦੀ ਪ੍ਰੋੜਤਾ ਕਰਦੇ ਹੋਏ ਗੁਰੂ ਕੇ ਸਿੱਖ ਦੀ ਰਹਿਤ ਦੀ ਵਿਆਖਿਆ ਕਰਦੇ ਹਨ,

ਅਸੁਰ ਭੂਤ ਕੀ ਸੇਵਾ ਤਜੈ, ਪਾਂਹਨ ਕੀ ਪੂਜਾ ਨਹਿ ਜਜੈ
ਪਾਂਹਨ ਪੂਜਾ ਕਲਿ ਕਾ ਭਾਉ, ਮੜ੍ਹੀ ਮਸਾਂਣੀ ਝੂਠਾ ਸੁਆਉ॥ (ਸੂਰਜ ਪ੍ਰਕਾਸ਼ ੫:੩੮)

ਰਹਿਤਨਾਮਾ ਭਾਈ ਦਯਾ ਸਿੰਘ ਜੀ ਵਿਚ ਵੀ ਇਹੋ ਗੁਰ ਸਿਧਾਂਤ ਅੰਕਤ ਹੈ, "ਗੁਰੂ ਕਾ ਸਿੱਖ- ਮੱਟ, ਬੁਤ, ਤੀਰਥ, ਦੇਵੀ, ਦੇਵਤਾ ਬਰਤ ਪੂਜਾ ਅਰਚਾ, ਮੰਤ੍ਰ ਜੰਤ੍ਰ, ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ ਤਰਪਨ, ਗਾਯਤ੍ਰੀ ਕਿਤੇ ਵੱਲ ਚਿੱਤ ਦੇਵੈ ਨਾਹੀ."

ਸਾਰੇ ਰਹਿਤਨਾਮਿਆਂ ਦਾ ਨਿਚੋੜ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਦੇ ਅੰਕ 'ਗੁਰਮਤਿ ਦੀ ਰਹਿਣੀ' ਵਿਚ ਹਰ ਸਿੱਖ ਲਈ ਹੁਕਮ ਹੈ, "ਜ਼ਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼ੀ, ਸ਼ਰਾਧ, ਪਿੱਤਰ, ਖਿਆਹ, ਪਿੰਡ, ਪੱਤਲ, ਦੀਵਾ, ਕਿਰਿਆ ਕਰਮ, ਹੋਮ ਜੱਗ,



www.AKJ.Org

ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ, ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ। ਗੁਰ ਅਸਥਾਨ ਤੋਂ ਬਿਨਾਂ ਕਿਸੇ ਅਨ-ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ।''

ਪਰ ਕਰਤਾ ਪੁਰਖ ਨੂੰ ਸਥੂਲ ਰੂਪ ਵਿਚ ਵੇਖਣ ਦੀ ਇੱਛਾ ਅਤੇ ਜਨਮ ਜਨਮਾਂਤਰਾਂ ਦੇ ਸੰਸਕਾਰਾਂ ਦੀ ਪਰਤ ਕਾਰਨ ਬੁੱਤ ਪ੍ਰਸਤੀ ਇਸ ਹੱਦ ਤਕ ਪ੍ਰਚਲਤ ਹੋ ਚੁਕੀ ਸੀ ਕਿ ਗੁਰਮਤਿ ਸਾਹਿਤ ਵਿਚ ਇਸ ਬਾਰੇ ਬਿਨਾਂ ਕਿਸੇ ਭਰਮ ਭੁਲੇਖੇ ਦੇ ਆਪਣਾ ਸਿਧਾਂਤ ਪ੍ਰਗਟ ਕੀਤਾ ਗਿਆ।

ਕਾਹੇ ਕੋ ਪੂਜਤ ਪਾਂਹਨ ਕੋ? ਕਛੁ ਪਾਂਹਨ ਮੇ ਪਰਮੇਸ਼ਵਰ ਨਾਹੀਂ
ਤਾਂਹੀ ਕੋ ਪੂਜ ਪ੍ਰਭੂ ਕਰਕੈ ਜਿੰਹ ਪੂਜਤ ਹੀ ਅਘ ਉਘ ਮਿਟਾਹੀ॥

ਹਰ ਸਿੱਖ ਦੀ ਨਿਤ ਨੇਮ ਦੀ ਬਾਣੀ ਵਿਚ ਵੀ ਇਹ ਬਾਰ ਬਾਰ ਦੁਹਰਾਇਆ ਅਤੇ ਦ੍ਰਿੜ ਕਰਵਾਇਆ ਜਾਂਦਾ ਹੈ,

ਤਾਕੋ ਕਰ ਪਾਹਨ ਅਨੁਮਾਨਤ॥ ਮਹਾਂ ਮੂੜ੍ਹ ਕਛੁ ਭੇਦ ਨ ਜਾਨਤ॥
ਮਹਾਦੇਵ ਕੋ ਕਹਿਤ ਸਦਾਸ਼ਿਵ॥ ਨਿਰੰਕਾਰ ਕਾ ਚੀਨਤ ਨਹਿੰ ਭਿਵ॥ (ਬੇਨਤੀ ਚੌਪਈ ਪਾ: ੧੦)

ਇਸ ਅਸੂਲ ਤੇ ਕਾਇਮ ਰਹਿਣ ਕਰਕੇ ਹੀ ਜਾਤਿ ਅਭਿਮਾਨੀ ਪਹਾੜੀ ਰਾਜਿਆਂ ਨੇ ਮੁਗਲ ਸਰਕਾਰ ਨਾਲ ਰਲ ਕੇ ਸ੍ਰੀ ਅਨੰਦਪੁਰ ਸਾਹਿਬ ਤੇ ਹੱਲਾ ਬੋਲਿਆ ਜਿਸ ਬਾਰੇ ਹਜ਼ੂਰ ਨੇ ਔਰੰਗਜ਼ੇਬ ਨੂੰ ਲਿਖੇ ਜ਼ਫ਼ਰਨਾਮਾ ਵਿਚ ਫ਼ੁਰਮਾਇਆ ਕਿ ਇਹਨਾਂ ਬੁਤ ਪੂਜ ਪਹਾੜੀ ਰਾਜਿਆਂ ਨੂੰ ਮਾਰ ਮੁਕਾਇਆ ਹੈ ਕਿਉਂ ਜੋ ਉਹ ਬੁਤਾਂ ਦੇ ਉਪਾਸ਼ਕ ਸਨ ਅਤੇ ਮੈਂ ਬੁਤ ਪ੍ਰਸਤੀ ਨੂੰ ਤੋੜਿਆ ਹੈ,

ਮਨਮ ਕੁਸ਼ਤਨੇ ਕੋਹੀਆਂ ਪੁਰ ਫਿਤਨ ਕਿ ਆਂ ਬੁਤ-ਪ੍ਰਸੰਦ ਮਨ ਬੁਤ-ਸ਼ਿਕਨ

ਇਸ ਬਾਰੇ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਗੁਰਮਤ ਪ੍ਰਭਾਕਰ ਦੇ ਪੰਨਾ ੮੫ ਤੇ ਲਿਖਿਆ, ''੧ਓ ਦੀ ਉਪਾਸਨਾ ਤੋਂ ਭੁੱਲੇ ਹੋਏ ਮੂਰਤੀ ਪੂਜਕ ਪਹਾੜੀਆਂ ਨੇ ਆਪਣੇ ਧਰਮ ਵਿਰੁੱਧ ਗੁਰੂ ਸਾਹਿਬ ਦੇ ਉਪਦੇਸ਼ ਸਮਝਕੇ ਝਗੜਾ ਖੜਾ ਕੀਤਾ। ਕਈ ਅਗਯਾਨੀ ਇਤਿਹਾਸਕਾਰਾਂ ਨੇ ਅਸਲ ਕਾਰਣ ਸਮਝੇ ਬਿਨਾ ਜੰਗ ਦੇ ਝੂਠੇ ਕਾਰਣ ਲਿਖਕੇ ਇਤਿਹਾਸ ਨੂੰ ਕਲੰਕਿਤ ਕੀਤਾ ਹੈ।''

ਗੁਰੂ ਕੇ ਸਾਜੇ ਨਿਵਾਜੇ ਖਾਲਸੇ ਨੇ ਇਸ ਅਸੂਲ ਅਤੇ ਗੁਰੂ ਦੇ ਹੁਕਮ ਤੇ ਪਹਿਰਾ ਦਿੱਤਾ। ਨਾਦਰ ਦੇ ਹਮਲੇ ਵੇਲੇ ਜਿਸ ਵਕਤ ਸਿੰਘਾਂ ਨੇ ਦੁੱਰਾਨੀ ਨੂੰ ਪਰੇਸ਼ਾਨ, ਪਸ਼ੇਮਾਨ ਕਰ ਦਿੱਤਾ ਤਾਂ ਉਸ ਨੇ ਸੂਬਾ ਲਾਹੌਰ ਤੋਂ ਸਿੱਖਾਂ ਬਾਬਤ ਪੁਛਿਆ ਤਾਂ ਸੂਬੇ ਨੂੰ ਨਾਦਰ ਨੇ ਸਿੱਖਾਂ ਬਾਰੇ ਹੋਰ ਗੱਲਾਂ ਤੋਂ ਇਲਾਵਾ ਇਹ ਵੀ ਦੱਸਿਆ ਕਿ ਇਹ ਬੁੱਤ ਪ੍ਰਸਤ ਨਹੀਂ ਹਨ। ਇਹ ਬਿਆਨ ਪੰਥ ਪ੍ਰਕਾਸ਼ ਵਿਚ ਇਸ ਤਰਾਂ ਅੰਕਿਤ ਹੈ,

ਮੁਸਲਮਾਨ ਹਿੰਦੁਨ ਤੇ ਨਯਾਰੀ। ਰੀਤਿ ਇਨੋ ਮੈ ਹੈ ਭਲ ਸਾਰੀ।
ਬੁੱਤ ਪ੍ਰਸਤੀ ਨਾ ਇਹੁ ਕਰਹੈ। ਦੇਵੀ ਦੇਵ ਬਨਾਇ ਨੇ ਧਰਹੈ।
ਪ੍ਰੇਤ ਪੀੜ ਗ੍ਰਹਿ ਪੀੜ ਨ ਮਾਨਤ। ਮੜੀ ਮਸਾਂਣੀ ਕੋ ਨ ਪਛਾਨਤ।
ਗੰਗਾਦਿਕ ਤੀਰਥ ਨਹਿ ਜਾਵੈ। ਸੂਤਕ ਪਾਤਮ ਨਾਂਹਿ ਮਨਾਵੈ।
ਜੰਞੂ ਤਿਲਕ ਨ ਛਾਪਾ ਧਾਰੈ। ਸ਼ਰਾ ਹਿੰਦੂਆਂ ਕੀ ਨਹਿ ਪਾਰੈ।
ਬੋਦੀ ਧੋਤੀ ਤੁਲਸੀ ਮਾਲੈ ॥ ਹੋਮ ਸ਼ਰਾਧ ਨ ਖਯਾਹ ਸੰਭਾਲੈਂ।
ਰਾਮ ਰਹੀਮ ਕ੍ਰਿਸ਼ਨ ਤਜ ਨਾਮਾ। ਰਾਖਤ ਵਾਹਿਗੁਰੂ ਸੈਂ ਕਾਮਾ।੭੩੦

ਮਹਾਤਮਾ ਬੁੱਧ ਰੱਬ ਨੂੰ 'ਖਪੁਸ਼ਪ', ਇਕ ਐਸਾ ਫ਼ੁਲ ਜੋ ਹੈ ਨਹੀਂ, ਦੱਸਦੇ ਸੀ ਅਤੇ ਰੱਬ ਦੀ ਹੋਂਦ ਤੋਂ ਇਨਕਾਰੀ ਸੀ। ਇਸਦੇ ਨਾਲ ਹੀ ਉਹ ਵੇਦਾਂ, ਅਵਤਾਰ ਵਾਦ ਅਤੇ ਮੂਰਤੀ ਪੂਜਾ ਦੇ ਵੀ ਵਿਰੋਧੀ ਸਨ। ਪਰ ਪ੍ਰਮਾਤਮਾ ਬੁੱਧ ਨੂੰ ਵਿਸ਼ਨੂੰ ਭਗਵਾਨ ਦਾ ਅੱਠਵਾਂ ਅਵਤਾਰ ਐਲਾਨ ਕੇ ਭਗਵਾਨ ਬੁੱਧ ਦਾ ਖਿਤਾਬ ਦੇ ਕੇ ਉਹਨਾਂ ਦੀਆਂ ਅਣਗਿਣਤ ਮੂਰਤੀਆਂ ਸਥਾਪਤ ਕਰ ਦਿੱਤੀਆਂ ਗਈਆਂ ਅਤੇ ਨਾਲ ਹੀ ਪ੍ਰਚਲਤ ਕਰ ਦਿੱਤਾ ਕਿ ਵਿਸ਼ਨੂੰ ਭਗਵਾਨ ਬੁੱਧ ਦੇ ਰੂਪ ਵਿਚ ਪ੍ਰਗਟ ਹੋਏ ਹਨ ਤਾਂ ਕਿ ਉਹ ਦੁਸ਼ਟ ਵਿਅਕਤੀਆਂ ਤੋਂ ਵੇਦਾਂ ਆਦਿ ਦੀ ਨਿੰਦਾ ਕਰਵਾਣ ਤਾਂਕਿ ਉਹ ਨਰਕ ਨੂੰ ਪ੍ਰਾਪਤ ਹੋਣ। ਇਸ ਤਰਾਂ ਮਹਾਤਮਾ ਬੁੱਧ ਦਾ ਤੱਤ ਸਾਰ ਸਮਾਪਤ ਕਰ ਦਿੱਤਾ


www.AKJ.Org

ਗਿਆ। ਇਸ ਬਾਰੇ ਜੌਨ ਡੌਸਨ ਨੇ ਆਪਣੀ ਪੁਸਤਕ 'ਹਿੰਦੂ ਮਿਥਿਹਾਸ ਕੋਸ਼' ਵਿਚ ਅੰਕਤ ਕੀਤਾ ਹੈ, "ਬੁਧ ਦੀ ਧਾਰਮਕ ਗੁਰੂ ਦੇ ਰੂਪ ਵਿਚ ਮਹਾਨ ਸਫਲਤਾ ਕਾਰਨ ਹੀ ਬ੍ਰਾਹਮਣਾਂ ਨੇ ਉਸ ਨੂੰ ਵਿਰੋਧੀ ਨਾ ਸਮਝਦਿਆਂ ਹੋਇਆ, ਅਵਤਾਰ ਦੇ ਰੂਪ ਵਿਚ ਸਵੀਕਾਰ ਕੀਤਾ। ਸੋ ਇਸ ਤਰ੍ਹਾਂ ਬੁਧ ਦੇ ਰੂਪ ਵਿਚ ਵਿਸ਼ਨੂੰ ਦੈਤਾਂ ਤੇ ਪਾਪੀ ਮਨੁਖਾਂ ਨੂੰ ਵੇਦਾਂ ਦੀ ਅਵੱਗਿਆਂ ਕਰਨ, ਜਾਤ ਪਾਤ ਤੋੜਨ ਰੱਬ ਦੀ ਹੋਂਦ ਤੋਂ ਮੁਨਕਰ ਹੋਣ ਦਾ ਉਤਸ਼ਾਹ ਦੇਣ ਲਈ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਆਪਣਾ ਵਿਨਾਸ਼ ਕਰਨ ਲਈ ਪ੍ਰਗਟ ਹੋਏ।"

ਜੇਕਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਨਿਆਰਾ ਪਨ ਨ ਬਖਸ਼ਿਆ ਹੁੰਦਾ ਤਾਂ ਅੱਜ ਗੁਰੂ ਗੋਬਿੰਦ ਸਿੰਘ ਜੀ ਤੇਤੀ ਕਰੋੜ ਇਕਵਾਂ ਦੇਵਤੇ ਹੋਣੇ ਸਨ। ਸੋ ਇਸ ਲਈ ਆਪਣੇ ਆਪ ਨੂੰ ਗੁਰੂ ਕਾ ਸਿੱਖ ਅਖਵਾਣ ਵਾਲੇ ਲਈ ਗੁਰੂ ਦੇ ਹੁਕਮਨਾਮੇ ਸਪਸ਼ਟ ਹਨ,

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥੧॥ (ਪੰਨਾ ੬੫੪)
ਸਤਿਗੁਰੁ ਮਿਲੈ ਤ ਸਹਸਾ ਜਾਈ॥ ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ॥੩॥
ਏਕੈ ਪਾਥਰ ਕੀਜੈ ਭਾਉ॥ ਦੂਜੈ ਪਾਥਰ ਧਰੀਐ ਪਾਉ॥
ਜੇ ਓਹੁ ਦੇਉ ਤ ਓਹੁ ਭੀ ਦੇਵਾ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ॥੪॥੧॥ (ਪੰਨਾ ੫੨੫)

ਪਰ ਇਸਦੇ ਬਾਵਜੂਦ ਗੁਰੂ ਸਾਹਿਬ ਦੀ ਨਿਰਾਦਰੀ ਦੀ ਇੰਤਹਾ ਹੋ ਗਈ ਜਦੋਂ ਸ੍ਰੀ ਹਰਿਮੰਦਿਰ ਦੀ ਪਰਿਕਰਮਾ ਵਿਚ ਹੀ ਵੱਖ ਵੱਖ ਦੇਵੀ ਦੇਵਤਿਆਂ ਦੇ ਬੁੱਤ ਸਥਾਪਤ ਕਰ ਦਿੱਤੇ ਗਏ। ਇਹਨਾਂ ਨੂੰ ਹਟਵਾਉਣ ਲਈ ਸੰਘਰਸ਼ਮਈ ਜੱਦੋਜਹਿਦ ਕਰਨੀ ਪਈ ਜਿਸ ਵਿਚੋਂ ਗੁਰਦੁਆਰਾ ਸੁਧਾਰ ਲਹਿਰ ਦਾ ਮੁੱਢ ਬੰਨਿਆ ਗਿਆ ਅਤੇ ਪੰਥ ਨੂੰ ਅਣਗਿਣਤ ਕੁਰਬਾਨੀਆਂ ਕਰਨੀਆਂ ਪਈਆਂ। ਇਹ ਸਹਿਜੇ ਅਨੁਮਾਨਿਆ ਜਾ ਸਕਦਾ ਹੈ ਕਿ ਜੇਕਰ ਅੱਜ ਦੇ ਸਮੇਂ ਵਿਚ ਇਹ ਬੁੱਤ ਹਟਵਾਉਣ ਦਾ ਮਸਲਾ ਹੁੰਦਾ ਤਾਂ ਕਿਧਰੇ ਐਸਾ ਤਾਂ ਨਾ ਹੁੰਦਾ ਕਿ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤਰ੍ਹਾਂ ਸਿੱਖਾਂ ਨੂੰ ਵੀ ਸ੍ਰੀ ਹਰਿਮੰਦਿਰ ਸਾਹਿਬ ਨੂੰ ਬਾਹਰੋਂ ਹੀ ਸੀਸ ਨਿਵਾਣਾ ਪੈਂਦਾ।

ਇਹ ਸਹੀ ਹੈ ਕਿ ਸਿੱਖ ਬੁੱਤ ਪ੍ਰਸਤ ਨਹੀਂ ਹੈ ਪਰ ਫਿਰ ਵੀ ਦੂਜਿਆਂ ਦੀ ਮੂਰਤੀ ਪੂਜਾ ਦੇ ਅਕੀਦੇ, ਵਿਸ਼ਵਾਸ ਅਤੇ ਹੱਕ ਨੂੰ ਕਾਇਮ ਰਖਣ ਲਈ ਗੁਰੂ ਕਿਆਂ ਨੇ ਕੁਰਬਾਨੀਆਂ ਦਿੱਤੀਆਂ। ਪਰ ਨਾਲ ਹੀ ਕਿਸੇ ਸਿੱਖ ਅਖਵਾਣ ਵਾਲੇ ਲਈ ਕਿਸੇ ਮੂਰਤੀ ਦੇ ਸਨਮੁੱਖ ਹੋ ਕੇ ਸੀਸ ਨਿਵਾਣਾ ਬਿਨਾ ਕਿਸੇ ਭਰਮ ਭੁਲੇਖੇ ਦੇ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਕੇ ਦੇਣਾ ਅਤੇ ਗੁਰੂ ਨਾਲੋਂ ਨਾਤਾ ਤੋੜ ਲੈਣ ਤੁਲ ਹੈ। ਪਰ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਲਈ ਅੱਜ ਇਕ ਵਾਰ ਫਿਰ ਗੁਰੂ ਸਾਹਿਬ ਦੇ ਹੀ ਬੁੱਤ ਬਣਾਣ ਦੀ ਕੋਝੀ ਹਰਕਤ ਕੀਤੀ ਗਈ ਹੈ ਅਤੇ ਬਜਾਇ ਇਸਦੇ ਕਿ ਆਮ ਨਜ਼ਰ ਵਿਚ ਆਉਣ ਦੇ ਇਹਨਾਂ ਨੂੰ ਭੰਨ ਦਿੱਤਾ ਜਾਂਦਾ ਇਸ ਨੂੰ ਇਕ ਮਸਲਾ ਬਣਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਾਵਜੂਦ ਇਸ ਦੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਬਾਰੇ ਫਰਮਾਇਆ ਹੈ, "ਕਿ ਆਂ ਬੁਤ-ਪ੍ਰਸਤੰਦੋ ਮਨ ਬੁਤ-ਸ਼ਿਕਨ"। ਇਸ ਲਈ ਜਦੋਂ ਗੁਰੂ ਗ੍ਰੰਥ ਸਾਹਿਬ, ਦਸਮ ਪਾਤਸ਼ਾਹ ਅਤੇ ਗੁਰਮਤਿ ਸਾਹਿਤ ਇਸ ਬਾਰੇ ਪੁਕਾਰ ਪੁਕਾਰ ਕੇ ਇਸ ਨੂੰ ਈਸ਼ ਨਿੰਦਾ, ਤੌਹੀਨੇ ਰਿਸਾਲਤ ਦਸ ਰਹੇ ਹਨ ਤਾਂ ਫਿਰ ਇਸ ਲਈ ਹੋਰ ਵਿਚਾਰ ਕਿਸ ਲਈ ?

ਇਹ ਬੁੱਤ ਅਤੇ ਸਿਖੀ ਸਰੂਪ ਵਿਚ ਗੁਰੂ ਸਾਹਿਬ ਦੇ ਬੁਤ ਬਨਾਣ ਅਤੇ ਸਥਾਪਤ ਕਰਨ ਵਾਲੇ ਜਾਂ ਬੁੱਤਾਂ ਦੇ ਸਾਹਮਣੇ ਖੜੇ 'ਮਿੱਟੀ ਦੇ ਮਾਧੋ' ਇਹਨਾਂ ਜੀਂਦੇ ਬੁੱਤਾਂ ਲਈ ਇਕਬਾਲ ਦੇ ਇਹ ਲਫ਼ਜ਼ ਇਕ ਚਿਤਾਵਨੀ ਅਤੇ ਚਿਤਵਨੀ ਹਨ। ਅੱਜ ਸਿੱਖ ਵੀ 'ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥ ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥' (ਪੰਨਾ ੬੪੬) ਦੇ ਗੁਰਵਾਕ ਤੇ ਅਮਲ ਕਰਦਿਆਂ ਆਪਣਾ ਆਪਾ ਗੁਰੂ ਪਿਤਾ ਵਿਚ ਸਮਰਪਿਤ ਕਰ ਕੇ ਪੰਚਮ ਪਿਤਾ ਦੇ ਪਾਵਨ ਬਚਨਾਂ ਰਾਹੀਂ ੧ਓ ਨੂੰ ਬੇਨਤੀ ਕਰ ਸਕਦੇ ਹਨ ਕਿ ਹੇ ਵਾਹਿਗੁਰੂ । ਇਹ ਹੁਣ ਸਾਡੀ ਨਹੀਂ ਬਲਕਿ ਤੇਰੇ ਅਸੂਲਾਂ,ਤੇਰੀ ਪੈਜ ਦਾ ਸਵਾਲ ਹੈ,

ਗਈ ਬਹੋੜੁ ਬੰਦੀ ਛੋੜੁ ਨਿਰੰਕਾਰ ਦੁਖਦਾਰੀ॥
ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ॥
ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ॥੧॥ (ਪੰਨਾ ੬੨੪) • •


www.AKJ.Org

# ਕਰਮ ਕਰਤਸ ਸੂਕਰਹ

(ਡਾ: ਪਰਮਜੀਤ ਕੌਰ.)

ਚੌਰਾਸੀ ਲੱਖ ਜੋਨੀਆਂ ਵਿਚ ਸਭ ਤੋਂ ਉੱਤਮ ਜੂਨ ਮਨੁੱਖ ਦੀ ਮੰਨੀ ਗਈ ਹੈ। ''ਲਖ ਚਉਰਾਸੀਹ ਭ੍ਰਮਤਿਆ, ਦੁਲਭ ਜਨਮ ਪਾਇਓਇ'' ਬੜੇ ਪੁੰਨ ਤੋਂ ਬਾਦ ਇਹ ਦੇਹੀ ਮਿਲਦੀ ਹੈ ਪਰ ਇਸ ਦੀ ਸ੍ਰੇਸਟਤਾ ਤਾਂ ਹੀ ਕਾਇਮ ਰਹਿੰਦੀ ਹੈ ਜਦੋਂ ਮਨੁੱਖਾਂ ਦੇਹੀ ਵਿਚ ਆਕੇ ਮਨੁੱਖਾਂ ਵਾਲੇ ਕਰਮ ਕੀਤੇ ਜਾਣ। ਇਹ ਗਿਆਨ ਮਨੁੱਖ ਨੂੰ ਹੁੰਦਾ ਹੈ ਪਰ ਦੁਨੀਆਂ ਵੀ ਚਕਰਵਿਊਹ ਵਿਚ ਫਸਦੇ ਆਪਣੇ ਜੀਵਣ ਦੇ ਉਦੇਸ਼ ਨੂੰ ਭੁੱਲਦੇ ਐਸੇ ਕਰਮਾਂ ਕਰਣ ਲ਼ੱਗ ਪੈਂਦਾ ਹੈ। ਜੋ ਉਸਦੇ ਪੂਰਬ ਕੀਤੇ ਗਏ ਪੁੰਨ (ਜਿਸ ਕਾਰਣ ਉਸਨੂੰ ਮਨੁਖਾਂ ਜਨਮ ਮਿਲਿਆ ਹੈ) ਨੂੰ ਵਿਅਰਥ ਕਰ ਦਿੰਦੇ ਹਨ। ਮਨੁੱਖਾਂ ਜਨਮ ਲੈ ਕੇ ਵੀ ਉਹ ਕਿਸ ਵੇਲੇ ਅਤੇ ਕਿਸ ਤਰ੍ਹਾਂ ਪਸ਼ੂਆਂ ਵਾਲੇ ਕਰਮਾਂ ਵਿਚ ਖਚਤ ਹੋ ਜਾਂਦਾ ਹੈ ਇਸ ਦਾ ਅਹਿਸਾਸ ਸ਼ਾਇਦ ਉਸਨੂੰ ਆਪ ਵੀ ਨਹੀ ਹੁੰਦਾ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜੋ ਮਨੁੱਖ ਆਪਣੇ ਸਰੀਰ ਪਾਲਣ ਦੀ ਖਾਤਰ ਪਰਾਇਆ ਧਨ ਚੁਰਾਂਦੇ ਹਨ, ਹੋਰਨਾਂ ਦੇ ਕੰਮਾਂ ਵਿਚ ਰੋੜਾ ਅਟਕਾਂਦੇ ਹਨ, ਕਈ ਕਿਸਮਾਂ ਦੇ ਬੋਲ ਬੋਲਦੇ ਹਨ, ਜਿੰਨ੍ਹਾਂ ਦੇ ਮਨ ਵਿਚ ਮਾਇਆ ਦੀ ਭੁੱਖ ਹੈ, ਤ੍ਰਿਸ਼ਨਾ ਦੇ ਅਧੀਨ ਹੋ ਕੇ ਹੋਰ ਮਾਇਆ ਲੈ ਲਵਾਂ, ਹੋਰ ਲੈ ਲਵਾਂ ਹੀ ਸੋਚਦੇ ਰਹਿੰਦੇ ਹਨ ਉਹ ਬੰਦੇ ਸੂਰਾਂ ਵਾਲੇ ਕੰਮ ਕਰਦੇ ਹਨ:—

''ਪਰਦਰਬ ਹਿਰਣੰ, ਬਹੁ ਵਿਘਨ ਕਰਣੰ, ਉਚਰਣੰ ਸਰਬ ਜੀਅ ਕਹ॥
ਲਉ ਲਈ ਤ੍ਰਿਸ਼ਨਾ ਅਤਿਪਤਿ ਮਨ ਮਾਏ॥
ਕਰਮ ਕਰਤ ਸ ਸੂਕਰਹ॥ (ਮਹਲਾ ੫ ਸ਼ਲੋਕ ਸਹਸਕ੍ਰਿਤੀ ਪੰਨਾ ੧੩੬੦)

ਜਦੋਂ ਮਨੁੱਖ ਆਪਣੇ ਨੂੰ ਸਿਰਫ ਸਰੀਰ ਸਮਝਣ ਲਗ ਪੈਂਦਾ ਹੈ, ਸਰੀਰਕ ਸੁਖਾਂ ਲਈ ਵਿਲਾਸੀ ਜੀਵਨ ਦੀ ਪ੍ਰਾਪਤੀ ਲਈ ਇਕ ਦੂਜੇ ਤੋ ਅੱਗੇ ਵਧਣ ਦੀ ਹੋੜ ਵਿਚ ਚੰਗੇ ਮੰਦੇ ਕਰਮਾਂ ਦਾ ਫਰਕ ਭੁੱਲ ਜਾਂਦਾ ਹੈ। ਮਨੁੱਖਾ ਜਨਮ ਪ੍ਰਾਪਤ ਕਰਕੇ ਵੀ ਪਰਮਾਤਮਾ ਨੂੰ ਵਿਸਾਰ ਕੇ ਪਸ਼ੂ- ਪਰਵਿਰਤੀ ਵਿਚ ਜੀਉਂਦਾ ਹੈ। ਕੂੜ ਕਮਾਉਂਦਾ ਹੈ ਕੂੜ ਇੱਕਠਾ ਕਰਦਾ ਹੈ ਅਤੇ ਕੂੜ ਦਾ ਹੀ ਵਾਪਾਰ ਕਰਦਾ ਹੈ। ਪਰ ਧਨ ਦਾ ਲੋਭ ਕੂੜ ਅਤੇ ਪਾਪ ਦੇ ਰਸਤੇ ਤੇ ਲੈ ਜਾਂਦਾ ਹੈ ਦੂਸਰਿਆਂ ਨੂੰ ਨੁਕਸਾਨ ਪਹੁੰਚਾਣ ਵਾਲੇ ਨਾ ਕਰਨ ਯੋਗ ਕੰਮਾਂ ਕਰਨ ਵਿਚ ਵੀ ਸੰਕੋਚ ਨਹੀ ਕਰਦਾ। ਬਹੁਤੇ ਧਨ ਦੀ ਭੁੱਖ, ਮਾਣ,ਪ੍ਰਤਿਸ਼ਟਾ ਰੁਤਬੇ ਦੀ ਚਾਹਤ ਦੇ ਕਾਰਣ, ਈਰਖਾ ,ਨਿੰਦਾ, ਕ੍ਰੋਧ, ਹੰਕਾਰ ਆਦਿਕ ਵਿਕਾਰ ਉਸਦੀ ਵਿਵੇਕ ਬੁੱਧੀ ਤੇ ਹਾਵੀ ਹੋਏ ਰਹਿੰਦੇ ਹਨ–

''ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ॥(ਮਹਲਾ ਪੰਨਾ ੬੩੫)

ਆਪਣੀ ਇਸ ਵਿਕਰਾ ਭੁੱਖ ਦੇ ਅਧੀਨ ਛੋਟੇ-ਵੱਡੇ ਆਪਣੇ ਪਰਾਏ ਦਾ ਲਿਹਾਜ਼ ਛੱਡਕੇ ਸਿਖਿਆ ਦੇਣ ਵਾਲੇ ਨੂੰ ਜਾਂ ਆਪਣੇ ਸੁਆਰਥ ਦੇ ਰਸਤੇ ਵਿਚ ਆਉਣ ਵਾਲੇ ਨੂੰ ਬੋਲ ਕੁਬੋਲ ਬੋਲਣ ਦਾ ਮਾਨੋ ਆਦੀ ਜਿਹਾ ਹੋ ਗਿਆ ਹੈ।

ਅੱਜ ਹਰੇਕ ਮਨੁੱਖ ਇਸ ਦੌੜ ਦਾ ਹਿੱਸਾ ਬਣ ਗਿਆ ਹੈ। ਆਪਣੇ ਨੂੰ ਅੱਗੇ ਵਧਾਉਣ ਲਈ ਦੂਸਰਿਆਂ ਦੇ ਕੰਮਾਂ ਵਿਚ ਰੋੜੇ ਅਟਕਾਣਾ ਆਮ ਗਲ ਹੋ ਗਈ ਹੈ।ਅੱਜ ਮਨੁੱਖ ਇਸ ਲਈ ਨਹੀਂ ਦੁਖੀ ਕਿ ਉਸ ਕੋਲ ਧਨ ਮਾਣ ਆਦਿਕ ਨਹੀ ਹੈ ਜਾਂ ਥੋੜ੍ਹਾ ਹੈ।ਉਹ ਤਾਂ ਇਸ ਲਈ ਦੁਖੀ ਹੈ, ਪਰੇਸ਼ਾਨ ਹੈ ਕਿ ਦੂਜਿਆਂ ਕੋਲ ਉਸ ਤੋਂ ਵੱਧ ਹੈ। ਇਸ ਈਰਖਾ ਸਾੜੇ ਅਤੇ ਆਪਣੀ ਅਸੀਮ ਤ੍ਰਿਸ਼ਨਾ ਭੁੱਖ ਦੇ ਅਧੀਨ ਯੋਗ-ਅਯੋਗ ਭੱਖ-ਅਭੱਖ ਹਰ ਥਾਂ ਹੱਥ ਪਾ ਲੈਂਦਾ ਹੈ। ਕਰਮਾਂ ਦੀ ਅਪਵਿਤ੍ਰਤਾ, ਵਿਕਾਰਾਂ ਦੀ ਗੰਦਗੀ ਉਸਨੂੰ ਪਰੇਸ਼ਾਨ ਨਹੀਂ ਕਰਦੀ ਮਾਨੋ ਸੂਰ ਵਾਂਗ ਗੰਦਗੀ ਵਿਚ ਰਹਿਣ ਦੀ ਆਦਤ ਬਣ ਗਈ ਹੈ। ਪਰਾਏ ਘਰ ਤੱਕਣ ਦੀ ਆਦਤ ਨੇ ਆਚਰਣ ਨੂੰ ਭ੍ਰਸ਼ਟ ਕਰ ਦਿੱਤਾ ਹੈ। ਆਪਣੇ ਸੁਆਰਥ ਲਈ ਕਿਸੇ ਦਾ ਵੀ ਬੁਰਾ ਸੋਚਣਾ ਅਤੇ ਲੋਕ ਵਿਖਾਤਾ ਜਿੰਦਗੀ ਦਾ ਹਿੱਸਾ ਬਣ ਗਿਆ ਹੈ। ਪਰਿਣਾਮ ਸਰੂਪ ਮਨ ਦੀ ਅਸ਼ਾਂਤੀ ਸਰੀਰਕ ਅਤੇ ਮਾਨਸਿਕ ਰੋਗਾਂ ਦਾ ਕਾਰਨ ਬਣ ਗਈ ਹੈ।

(ਬਾਕੀ ਪੰਨਾ ੩੩ ਤੇ ...)



www.AKJ.Org

# ਮੇਰਾ ਜਨਮ
(ਨਵੰਬਰ, 1971)

(ਸ੍ਰ: ਭਗਵੰਤ ਸਿੰਘ ਦਲਾਵਰੀ)

ਜਦੋਂ ਮੈਂ ਜੰਮਣ ਵਾਲਾ ਸਾਂ ਤਾਂ ਮੇਰੀ ਮਾਂ ਦੀ ਮੇਰੇ ਪਿਤਾ ਨਾਲ ਬਿਲਕੁਲ ਨਹੀਂ ਸੀ ਬਣਦੀ। ਮਾਂ ਨੇ ਆਪਣੀਆਂ ਭੈੜੀਆ ਆਦਤਾਂ ਤੇ ਕੁਚੱਜੇ ਵਿਉਹਾਰ ਨਾਲ ਮੇਰੇ ਪਿਤਾ ਨੂੰ ਇਤਨਾ ਦੂਰ ਕਰ ਦਿੱਤਾ ਸੀ ਕਿ ਉਹ ਕਈ ਕਈ ਦਿਨ ਘਰ ਵੀ ਨਹੀਂ ਸੀ ਆਉਂਦੇ, ਘਰ ਵਿਚ ਅਸ਼ਾਂਤੀ, ਬੇਚੈਨੀ ਤੇ ਮੁਸੀਬਤ ਦਾ ਰਾਜ ਰਹਿੰਦਾ। ਮੇਰੀ ਮਾਂ ਕਈ ਕਈ ਦਿਨ ਘਰ ਵੀ ਨਹੀਂ ਸੀ ਆਉਂਦੇ, ਘਰ ਵਿਚ ਅਸ਼ਾਂਤੀ, ਬੇਚੈਨੀ ਤੇ ਮੁਸੀਬਤ ਦਾ ਰਾਜ ਰਹਿੰਦਾ। ਮੇਰੀ ਮਾਂ ਕਈ ਕਈ ਦਿਨ ਰੋਟੀ ਸਾਹਮਣੇ ਰੱਖ ਕੇ ਬਹਿ ਜਾਂਦੀ ਤੇ ਖਾਂਦਿਆਂ ਖਾਂਦਿਆਂ ਬੇਚੈਨ ਹੋ ਕੇ ਬਿਟ- ਬਿਟ ਵੇਖਣ ਲੱਗ ਜਾਂਦੀ। ਇਤਨੀ ਪ੍ਰੇਸ਼ਾਨ ਸੀ ਕਿ ਉਸ ਨੂੰ ਇਹ ਵੀ ਨਹੀਂ ਸੀ ਪਤਾ ਲੱਗਦਾ ਕਿ ਉਹ ਮੇਰੇ ਪਿਤਾ ਨੂੰ ਖੁਸ਼ ਕਰ ਲਵੇ ਜਾਂ ਮਾਫੀ ਮੰਗ ਲਵੇ ਜਾਂ ਆਪਣੇ ਵਿਉਹਾਰ ਨੂੰ ਬਦਲ ਲਵੇ ਤਾਂ ਮੁਸੀਬਤ ਤੋਂ ਬਚ ਸਕਦੀ ਹੈ।

ਮੇਰੇ ਪਿਤਾ ਹਮੇਸ਼ਾ ਪ੍ਰੇਮ ਕਰਨ ਵਾਲੇ, ਦਇਆ ਦੇ ਸਾਗਰ ਹਨ। ਉਹ ਦੁਖੀਆਂ ਦੀ ਸੇਵਾ ਕਰਦੇ ਹਨ, ਗਰੀਬਾਂ ਨਾਲ ਖਾਸ ਪਿਆਰ ਕਰਦੇ ਹਨ, ਹਰ ਇਕ ਨਾਲ ਸੋਹਣਾ ਵਰਤਦੇ ਹਨ। ਭਾਵੇਂ ਮੇਰੀ ਮਾਂ ਨਾਲ ਪਿਆਰ ਕਰਨਾ ਘੱਟ ਕਰ ਦਿੱਤਾ ਸੀ ਪਰ ਉਹ ਬਾਕਾਇਦਾ ਪੈਸੇ ਭੇਜਦੇ, ਖਾਣ ਪੀਣ ਦਾ ਬੰਦੋਬਸਤ ਕਰਦੇ, ਕਿਸੇ ਗੱਲ ਦੀ ਤਕਲੀਫ਼ ਨਾ ਹੋਣ ਦਿੰਦੇ।

ਜਦ ਮੇਰੇ ਜੰਮਣ ਦਾ ਸਮਾਂ ਨੇੜੇ ਆ ਗਿਆ ਤਾਂ ਮਾਂ ਹੋਰ ਵੀ ਪ੍ਰੇਸ਼ਾਨ ਹੋ ਗਈ। ਦਰਦਾਂ, ਤਕਲੀਫਾਂ ਤੇ ਮੁਸੀਬਤਾਂ ਦੀ ਮਾਰੀ ਚੀਕਾਂ ਮਾਰਦੀ, ਰੋਂਦੀ, ਕੁਰਲਾਂਦੀ ਪਰ ਕੋਈ ਨਾ ਸੁਣਦਾ। ਜਦ ਦੁਖ ਬਹੁਤ ਹੱਦ ਤੋਂ ਵੱਧਦਾ ਜਾਪਿਆ ਤਾਂ ਮੇਰੀ ਮਾਂ ਨੇ ਫੈਸਲਾ ਕੀਤਾ ਕਿ ਇਸ ਜ਼ਿੰਦਗੀ ਨਾਲੋਂ ਤਾਂ ਮਰ ਜਾਣਾ ਹੀ ਅੱਛਾ ਹੈ। ਇਸ ਤੋਂ ਪਹਿਲਾਂ ਉਸ ਨੇ ਸਾਰਿਆਂ ਪੇਕਿਆਂ, ਸੌਹਰਿਆਂ ਦੇ ਰਿਸ਼ਤੇਦਾਰਾਂ ਨੂੰ ਅਪੀਲਾਂ ਕੀਤੀਆਂ ਪਰ ਦੁੱਖ ਵਿਚ ਕੌਣ ਸੁਣਦਾ ਹੈ। ਕੁਝ ਰਿਸ਼ਤੇਦਾਰਾਂ ਨੇ ਉਸਨੂੰ ਪੁਚਕਾਰਿਆ ਤੇ ਹੌਸਲਾ ਦਿੱਤਾ ਪਰ ਕਈਆਂ ਨੇ ਤਾਂ ਚਪੇੜਾਂ ਮਾਰੀਆਂ ਜੇ ਆਪਣੇ ਪਤੀ ਨਾਲ ਬਣਾ ਰੱਖਦੀ ਤਾਂ ਇਹ ਗੱਲ ਕਿਉਂ ਹੁੰਦੀ। ਜਦੋਂ ਸਭ ਪਾਸੋਂ ਹਾਰ ਗਈ ਤਾਂ ਉਸ ਵਿਉਂਤ ਬਣਾਈ ਕਿ ਕਿਸੇ ਦਿਨ ਆਪਣੀ ਜਾਨ ਲੈ ਲਵੇਗੀ। ਇਤਨੀ ਦੁਖੀ ਹੋ ਗਈ ਕਿ ਉਸ ਨੂੰ ਆਪਣੇ ਹੋਣ ਵਾਲੇ ਬੱਚੇ 'ਤੇ ਵੀ ਤਰਸ ਨਾ ਰਿਹਾ।

ਮੇਰਾ ਦਿਆਲੂ ਪਿਤਾ ਉਸ ਦੀਆਂ ਤਕਲੀਫ਼ਾਂ ਦੀਆਂ ਗੱਲਾਂ ਸੁਣ ਸੁਣ ਕੇ ਮਿਹਰਾਂ ਵਿਚ ਆਇਆ ਤੇ ਉਸ ਨਾਲ ਬਹੁਤਾ ਪਿਆਰ ਜਗਾਏ ਬਗੈਰ, ਐਨ ਸਮੇਂ ਸਿਰ ਹਸਪਤਾਲ ਲੈ ਗਿਆ। ਪਰ ਪ੍ਰੇਸ਼ਾਨ ਔਰਤ ਨੂੰ ਹਸਪਤਾਲ ਦੇ ਆਰਾਮ ਨੇ ਵੀ ਕਈ ਦਿਨ ਕੋਈ ਆਰਾਮ ਨਾ ਦਿੱਤਾ। ਦਰਦ ਨਾਲ ਚਿੱਲਾਂਦੀ ਰਹੀ। ਕੋਈ ਦਵਾਈ ਨਾ ਲੱਗਦੀ। ਭਾਵੇਂ ਇਤਨੀ ਤਕਲੀਫ਼ ਵਿਚ ਸੀ ਪਰ ਮੇਰੀ ਮਾਂ ਢੀਠ ਸੀ, ਉਸ ਆਪਣੇ ਪਤੀ ਦੀ ਦਰਿਆ-ਦਿਲੀ ਦੀ ਕੋਈ ਸ਼ਲਾਘਾ ਨਾ ਕੀਤੀ ਆਪਣੀ ਆਕੜ ਵਿਚ ਰਹੀ। ਮੇਰਾ ਪਿਤਾ ਦਵਾਈਆਂ ਲੈ ਦੇਵੇ ਪਰ ਪਿਆਰ ਨਾਲ ਬੋਲੇ ਤੇ ਨਾ ਸਮਝਾਏ।

ਕਈ ਬੀਮਾਰ ਉਸ ਹਸਪਤਾਲ ਵਿਚ ਆਉਂਦੀ। ਕਈ ਤੇ ਦਾਖਲ ਸਨ ਤੇ ਕਈ Out Patients department ਵਿਚ ਆਉਂਦੇ ਸਨ। ਇਕ ਬੀਮਾਰ ਨੇ ਮੇਰੀ ਮਾਂ ਨੂੰ ਉਹਦੀਆਂ ਚੀਕਾਂ ਸੁਣ ਸੁਣ ਕੇ ਇਹ ਸਲਾਹ ਦਿੱਤੀ ਕਿ ਇਸ ਹਸਪਤਾਲ ਵਿਚ ਇਕ ਵੱਡਾ ਡਾਕਟਰ ਹੈ ਤੇ ਉਸ ਨੂੰ ਉਹ ਜ਼ਰੂਰ ਮਿਲੇ। ਹਾਰੀ ਹੋਈ ਮਾਂ ਕਿਸੇ ਦੀ ਗੱਲ ਵੀ ਸੁਣਨ ਨੂੰ ਤਿਆਰ ਸੀ, ਕਿਉਂਕਿ ਲਾਲਚ ਸੀ, ਪਰ ਆਪਣੇ ਪਤੀ ਨਾਲ ਉਹ ਔਖੀ ਹੀ ਰਹਿੰਦੀ।

ਹਸਪਤਾਲ ਬਹੁਤ ਹੀ ਮਸ਼ਹੂਰ ਹੈ, ਸਾਰੇ ਸ਼ਹਿਰ ਦੇ ਲੋਕ ਉਥੋਂ ਦਵਾਈਆਂ ਲੈਂਦੇ ਪਰ ਕਈ ਲੋਕ ਡਾਕਟਰਾਂ ਨਾਲ ਲੜਾਈਆਂ ਕਰਨ ਲੱਗ ਪੈਂਦੇ, ਕਈ ਪਰਹੇਜ਼ ਨਾ ਕਰਦੇ, ਕਈ ਦਵਾਈ ਨਾ ਖਾਂਦੇ। ਮਾਂ ਨੇ ਹੌਸਲਾ ਕੀਤਾ, ਮਜ਼ਬੂਰੀ ਦਾ ਚਾਰਾ ਹੀ ਕੀ ਹੈ। ਮਾਂ ਡਰਦੀ ਡਰਦੀ ਵੱਡੇ ਡਾਕਟਰ ਕੋਲ ਗਈ ਤੇ ਸੁੱਕਦੇ ਸਾਹ ਵਿਚ ਕਹਿਣ ਲੱਗੀ। ਡਾਕਟਰ ਨੇ ਪਿਆਰ ਨਾਲ ਕੰਡ ਤੇ ਹੱਥ ਰੱਖਿਆ ਤੇ ਕਿਹਾ, ਬੱਚੀ !



www.AKJ.Org

ਇਤਨੀ ਪ੍ਰੇਸ਼ਾਨ ਕਿਉਂ ਹੈ ? ਜਦ ਇਥੇ ਆ ਗਈ ਹੈਂ ਤਾਂ ਸਭ ਠੀਕ ਹੋ ਜਾਵੇਗਾ, ਵਾਹਿਗੁਰੂ 'ਤੇ ਭਰੋਸਾ ਰੱਖ। ਪਰ ਜਿਵੇਂ ਮੈਂ ਆਖਾਂਗਾ ਕਰਦੀ ਜਾਈਂ, ਕਰੇਂਗੀ ਨਾਂ? ਦਵਾਈ ਵੇਲੇ ਸਿਰ, ਪਰਹੇਜ਼ ਪੂਰਾ, ਖ਼ੁਰਾਕ ਬਕਾਇਦਾ ਤਾਂ ਤੇਰੀ delivery ਬਿਲਕੁਲ ਠੀਕ ਹੋ ਜਾਵੇਗੀ। ਇੱਕ ਗੱਲ ਹੋਰ ਤੈਨੂੰ ਭਾਵੇ ਪਤਾ ਹੈ ਕਿ ਨਹੀ ਮੈ ਤੇਰੇ ਪਤੀ ਨੂੰ ਚੰਗੀ ਤਰ੍ਹਾ ਜਾਣਦਾ ਹਾਂ। ਉਹ ਤੇ ਬਹੁਤ ਹੀ ਪ੍ਰੇਮੀ ਤੇ ਦਯਾਵਾਨ ਹੈ, ਤੂੰ ਉਸ ਨੂੰ ਕਿਉ ਨਾਰਾਜ਼ ਕੀਤਾ ਹੋਇਆ ਹੈ?

ਮੇਰੀ ਮਾਂ ਨਾਲ ਕਈਆਂ ਮਹੀਨਿਆ ਜਾਂ ਵਰ੍ਹਿਆ ਮਗਰੋ ਕੋਈ ਐਡੇ ਪਿਆਰ ਨਾਲ ਬੋਲਿਆ ਸੀ। ਉਸ ਡਾਕਟਰ ਨੂੰ ਘੁਟ ਕੇ ਜੱਫਾ ਮਾਰਿਆ ਤੇ ਵਾਇਦਾ ਕੀਤਾ ਕਿ ਉਹ ਉਹਦੀਆ ਸਾਰੀਆ ਗੱਲਾਂ ਮੰਨੇਗੀ, ਪਤੀ ਨਾਲ ਵੀ ਹਮੇਸ਼ਾ ਬਣਾ ਕੇ ਰੱਖੇਗੀ ਤੇ ਪਤੀ ਦੀ ਸੇਵਾ ਕਰੇਗੀ। ਡਾਕਟਰ ਨੇ ਕੁਝ ਪੁੜੀਆਂ ਕੱਢੀਆਂ ਤੇ ਮੇਰੀ ਮਾਂ ਦੇ ਹੱਥ ਦੇ ਦਿੱਤੀਆਂ ਮਾਂ ਖੁਸ਼ ਸੀ ਕਿਉ ਕਿ ਜੇ ਡਾਕਟਰ ਪਿਆਰ ਬੋਲੇ ਤਾਂ ਅੱਧੀ ਬਿਮਾਰੀ ਵੈਸੈ ਹੀ ਮੁੱਕ ਜਾਂਦੀ ਹੈ। ਮਾਂ ਨੇ ਦਵਾਈ ਖਾਧੀ ਤੇ ਡਾਕਟਰ ਦੇ ਪੈਰਾਂ ਨੂੰ ਹੱਥ ਲਾ ਕੇ ਕਹਿਣ ਲੱਗੀ, ਜੋ ਕਹੋਗਾਂ ਕਰਾਂਗੀ ਪਰ ਮੇਰੇ ਪਿਆਰੇ ਡਾਕਟਰ ਹੁਣ ਬਾਂਹ ਪਕੜ ਕੇ ਛੱਡ ਨਾ ਦੇਵੀਂ। ਡਾਕਟਰ ਨੇ ਵਾਇਦਾ ਕੀਤਾ ਕਿ ਜੇ ਉਹ ਡਾਕਟਰ ਦੀਆਂ ਤੇ ਆਪਣੇ ਪਤੀ ਦੀਆਂ ਸਾਰੀਆਂ ਗੱਲਾਂ ਮੰਨੇਗੀ ਤਾਂ ਉਹ ਹਮੇਸ਼ਾਂ ਕੇ ਵਲ ਇਸ delivery ਫ਼ਤਕ ਵਿੱਚ ਹੀ ਨਹੀ ਸਗੋਂ ਸਦਾ ਲਈ ਉਹਦਾ ਵੀਰ ਬਣ ਕੇ ਮਦਦ ਕਰੇਗਾ।

ਵੱਡੇ ਡਾਕਟਰ ਨੇ ਬਹੁਤ ਦੂਰ ਤੋ ਸਰਜਨ ਬੁਲਾਏ ਕਿਉਂਕਿ ਮੇਰੀ ਮਾਂ ਦਾ ਕੇਸ ਪੇਟ ਚੀਰ ਕੇ operation ਕਰਨ ਵਾਲਾ ਸੀ। ਸਰਜਨ ਨੇ ਆਪਣੇ ਸਾਰੇ ਹਥਿਆਰ ਲੈ ਆਂਦੇ ਤੇ ਵੱਡੇ ਡਾਕਟਰ ਦੀ ਮਨਜ਼ੂਰੀ ਨਾਲ ਮੇਰੀ ਮਾਂ ਦਾ ਕੇਸ ਹੱਥ ਵਿਚ ਲੈ ਲਿਆ। ਮੇਰੇ ਦਾ ਜੰਮਣ ਦਾ ਵੇਲਾ ਹੋਇਆ ਤਾਂ ਮੇਰੀ ਮਾਂ ਮਾਯੂਸ ਹੁੰਦੀ ਜਾ ਰਹੀ ਸੀ। ਚੀਕਾਂ ਮਾਰ ਰਹੀ ਸੀ, "ਵੱਡੇ ਡਾਕਟਰ ਜੀ ਕਿਥੇ ਹੋ, ਮੇਰੀ ਤੇ ਜਾਨ ਨਿਕਲ ਰਹੀ ਹੈ।" operation room ਵਿਚ ਮਾਂ ਨੂੰ ਲੈਜਾਇਆ ਗਿਆ। ਕਦੇ ਕਿਸੇ ਪਾਸੋਂ ਤੇ ਕਦੇ ਕਿਸੇ ਪਾਸੋਂ, ਕਦੇ ਕਿਸੇ ਕੈਂਚੀ ਨਾਲ ਤੇ ਕਦੇ ਕਿਸੇ ਚਾਕੂ ਨਾਲ ਮੇਰੀ ਮਾਂ ਦਾ ਪੇਟ ਕਟਿਆ ਗਿਆ, ਦੋ ਤਿੰਨ ਘੰਟੇ ਲੱਗ ਗਏ ਪਰ ਮਾਂ ਦੀਆਂ ਚੀਕਾਂ ਜਾਰੀ ਸਨ। ਹਾਸੇ ਦੀ ਗੱਲ ਹੈ ਕਿ ਮੇਰੀ ਮਾਂ ਦਾ ਮਦਦਗਾਰ ਕੇਵਲ ਵੱਡਾ ਡਾਕਟਰ ਸੀ। ਕੋਈ ਰਿਸ਼ਤੇਦਾਰ ਨਾ ਵੜਿਆ ਕਿਸੇ ਨੇ ਹਾਲ ਨਾ ਪੁੱਛਿਆ।

ਤਿੰਨ ਘੰਟੇ operation table 'ਤੇ ਰਹਿਣ ਦੇ ਬਾਅਦ ਜਦੋਂ ਮਾਂ ਬੇਹੋਸ਼ ਹੋਣ ਲੱਗੀ ਸੀ ਕਿ ਸਰਜਨ ਨੇ ਵੱਡੇ ਡਾਕਟਰ ਨਾਲ ਸਲਾਹ ਕੀਤੀ ਤੇ ਨਵੇ ਹਥਿਆਰ ਨਾਲ operation ਸ਼ੁਰੂ ਕੀਤਾ, ਇਕ ਘੰਟੇ ਦੇ ਜ਼ਤਨਾਂ ਮਗਰੋਂ, ਮੇਰੀ ਮਾਂ ਵਾਹਿਗੁਰੂ, ਵਾਹਿਗੁਰੂ ਕਹਿ ਕੇ ਚੇਤੰਨ ਹੋ ਗਈ। ਅੱਖਾਂ ਵਿਚ ਅੱਥਰੂ ਲਿਆ ਕੇ ਕਹਿਣ ਲੱਗੀ,'ਸਰਜਨ ਸਾਹਿਬ ਮੈਂ ਤਾਂ ਸੋਚਿਆ ਸੀ ਕਿ ਇਸ ਬੱਚੇ ਜੰਮਣ ਵਿਚ ਮੇਰੀ ਜਾਨ ਹੀ ਨਿਕਲ ਜਾਵੇਗੀ ਪਰ ਤੁਸੀਂ ਇਸ ਨਵੇਂ ਹਥਿਆਰਾਂ ਨਾਲ ਕੀ ਜਾਦੂ ਕੀਤਾ ਹੈ। ਸਰਜਨ ਨੇ ਵੱਡੇ ਡਾਕਟਰ ਵੱਲ ਤਕਿਆ, ਦੋਨੋਂ ਮੁਸਕਰਾਏ ਸਿਲਾਈ ਦਾ ਕੰਮ ਸ਼ੁਰੂ ਕਰ ਦਿੱਤਾ। ਮੈਂ ਜੰਮ ਪਿਆ ਸੀ। ਮਾਂ ਮੈਨੂੰ ਗਾਲਾਂ ਕੱਢਣ ਦੀ ਬਜਾਏ(ਕਿਉਂਕਿ ਮੈਂ ਇਤਨਾ ਦੁਖ ਦਿੱਤਾ ਸੀ) ਮੇਰੇ ਤੋਂ ਸਦਕੇ ਜਾਣ ਲਗ ਪਈ। ਉਸ ਵੱਡੇ ਡਾਕਟਰ ਵੱਲ ਵੇਖਿਆ ਤੇ ਕਿਹਾ ,'ਡਾਕਟਰ ਜੀ, ਮੈਂ ਆਪਣੇ ਆਪ ਨੂੰ ਤੁਹਾਡੀ ਨੌਕਰ ਬਣਾ ਚੁੱਕੀ ਹਾਂ, ਹੁਣ ਮੈਂ ਆਪਣਾ ਮੁੰਡਾ ਵੀ ਤੁਹਾਡੇ ਚਰਨਾਂ ਵਿਚ ਭੇਜਦੀ ਹਾਂ, ਇਸ ਨੂੰ ਐਸੀ ਮਤ ਦਿਉ ਕਿ ਦੁਨੀਆਂ ਦੀ, ਦੁਖਿਆਂ ਦੀ ਸੇਵਾ ਕਰੇ ਤੇ ਕਦੇ ਕਿਸੇ ਦਾ ਦਿਲ ਨਾ ਦੁਖਾਏ। ਆਪਣੇ ਪਿਤਾ ਦੀ ਆਗਿਆ ਮੰਨੇ, ਮੈਂ ਤੇ ਮੂਰਖਤਾ ਨਾਲ ਆਪਣੇ ਪਿਤਾ ਨਾਲ ਵਿਗਾੜ ਬੈਠੀ ਸਾਂ ਪਰ ਇਸ ਨਿੱਕੇ ਜਿਹੇ ਕਾਕੇ 'ਤੇ ਕਿਰਪਾ ਕਰੋ ਕਿ ਮੇਰੀਆਂ ਬੁਰਿਆਈਆਂ ਤੋਂ ਬਚਿਆ ਰਹੇ, ਮੇਰੇ 'ਤੇ ਕਿਰਪਾ ਕਰੋ ਕਿ ਮੈਂ ਕੁਮੱਤ ਦੇਣ ਦੀ ਬਜਾਏ ਚੰਗੀ ਮੱਤੇ ਲਾਵਾਂ। ਡਾਕਟਰ ਜੀ ਇਹ ਸਭ ਕੁਝ ਮੈਂ ਤੁਹਾਨੂੰ ਇਸ ਲਈ ਕਹਿ ਰਹੀ ਹਾਂ ਕਿਉਂਕਿ ਤੁਹਾਡੇ ਵਰਗਾ ਪਿਆਰ ਮਰਨ ਵਾਲਾ, ਹਮਦਰਦੀ ਕਰਨ ਵਾਲਾ, ਸੁਹਣੀਆਂ ਦਵਾਈਆਂ ਦੇਣ ਵਾਲਾ, opration ਕਰਨ ਵਾਲਾ, ਪਰਹੇਜ਼ ਦੱਸਣ ਵਾਲਾ, ਖੁਰਾਕ ਦੱਸਣ ਵਾਲਾ ਤੇ ਫੇਰ ਪਿਆਰ ਨਾਲ ਇਹ ਸਾਰੀਆਂ ਗੱਲਾਂ ਮਨਵਾਉਣ ਵਾਲਾ ਮੈਨੂੰ ਸਾਰੀ ਉਮਰ ਨਹੀਂ ਮਿਲਿਆ। ਹੁਣ ਇਹ ਦਸੋ ਕਿ ਮੈਂ ਹੁਣ ਕੀ ਕਰਾਂ।


www.AKJ.Org

ਵੱਡੇ ਡਾਕਟਰ ਨੇ ਮੇਰੀ ਮਾਂ ਦੇ ਸਿਰ 'ਤੇ ਹੱਥ ਰੱਖਿਆ, ਦਵਾਈਆਂ ਦਾ ਵੱਡਾ ਸਾਰਾ ਸੰਦੂਕ ਮੁਫਤ ਦੇ ਦਿੱਤਾ ਤੇ ਮੁਸਕਰਾ ਕੇ ਕਿਹਾ ਕਿ ਤੈਨੂੰ ਇਕ ਗੱਲ ਦਸਾਂ? ਤੇਰਾ ਪਤੀ ਮੇਰਾ ਵੀ ਮਾਲਕ ਹੈ ਤੇ ਮੈਂ ਤਾਂ ਉਸਦਾ ਨੌਕਰ ਹਾਂ. ਮਾਂ ਤ੍ਰਬਕ ਗਈ। ਪਰ ਵੱਡੇ ਡਾਕਟਰ ਨੇ ਅੱਖਾਂ ਵਿਚ ਅੱਖਾਂ ਪਾਕੇ ਤੱਕਿਆ ਤੇ ਕਿਹਾ ਕਿ ਹੁਣ ਤੋਂ ਜੋ ਕੁਝ ਡਾਕਟਰ ਕਹੇ ਮੰਨਣਾ ਪਵੇਗਾ ਨਹੀਂ ਤਾਂ ਸੁਖ ਸੁਪਨੇ ਵਿਚ ਵੀ ਨਹੀ ਹੋਵੇਗਾ। ਵਾਹਿਗੁਰੂ ਹੁਣ ਤੂੰ ਮੇਰੀ ਲਾਜ ਰੱਖੀਂ, ਮੈਂ ਮਾਂ ਦੇ ਬਚਨ ਪੂਰੇ ਕਰ ਸਕਾਂ, ਪਰ ਤੇਰੀ ਮਿਹਰ ਬਗੈਰ ਮੈਂ ਕੁਝ ਨਹੀਂ ਕਰ ਸਕਦਾ। ਵੇ ਦੁਨੀਆਂ ਦੇ ਲੋਕੋ! ਮੇਰਾ ਪਤੀ ਹਾੜੇ ਮਾਰਦਾ ਹੈ। ਇਹ ਸਾਰਾ ਹਾਲ ਇਸ ਲਈ ਲਿਖਿਆ ਹੈ ਕਿ ਮੇਰੇ ਰੋਗੀ ਵੀਰ ਤੇ ਭੈਣਾਂ ਜੇ ਹਮੇਸ਼ਾ ਲਈ ਆਪਣੇ ਰੋਗ ਕੱਟਣਾਂ ਚਾਹੁਣ ਤਾਂ ਉਸੇ ਹਸਪਤਾਲ 'ਚੋਂ, ਉਸੇ ਡਾਕਟਰ ਕੋਲੋਂ (ਤੇ ਮੇਰੇ ਪਿਤਾ ਦੇ ਆਸ਼ੀਰਵਾਦ) ਨਾਲ ਦਵਾਈ ਲੈਣ, ਪਰਹੇਜ਼ ਕਰਨ ਤੇ ਬਾਕਾਇਦਾ ਖੁਰਾਕ ਖਾਣ, ਜੇ ਆਰਾਮ ਨਾ ਆਵੇ ਤਾਂ ਮੇਰੀ ਨਿੱਕੀ ਜਿਹੀ ਗਰਦਨ ਮਰੋੜ ਦੇਣ।

ਇਹ ਲੇਖ ਸਮਝਣ ਲਈ REFERENCES

ਜਨਮ ਦਿਨ - ੧੦ ਅਕਤੂਬਰ ੧੯੭੦ ਦੀ ਰਾਤ
ਮੇਰੀ ਮਾਂ - ਮੇਰਾ ਗੰਦਾ ਮਨ
ਮੇਰਾ ਪਿਤਾ - ਸੱਚਾ ਪਾਤਿਸ਼ਾਹ, ਵਾਹਿਗੁਰੂ
ਮੇਰਾ ਘਰ - ਮੇਰਾ ਅੰਦਰਲਾ
ਹਸਪਤਾਲ - ਸ੍ਰੀ ਬੰਗਲਾ ਸਾਹਿਬ (ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿੱਠੇ ਸਭ ਦੁਖ ਜਾਇ॥)
ਦਵਾਈ - ਗੁਰੂ ਸ਼ਬਦ, ਕਥਾ, ਕੀਰਤਨ
ਵੱਡਾ ਡਾਕਟਰ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ
ਡਾਕਟਰ ਨਾਲ ਲੜਾਈ - ਸਵਾਲ ਜਵਾਬ ਕਰਨਾ, ਦੁਨਿਆਵੀ ਚੀਜ਼ਾਂ ਮੰਗਣੀਆਂ
ਪਰਹੇਜ਼ ਨਾ ਕਰਨਾ - ਚੁਗਲੀ,ਨਿੰਦਾ ਕਰਨਾ, ਫਿੱਕਾ ਬੋਲਣਾ, ਦੁਖੀਆਂ ਨੂੰ ਸਤਾਣਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਚ ਮਗਨ ਰਹਿਣਾ, ਗੁਰੂ ਕਾ ਹੁਕਮ ਨਾ ਮੰਨਣਾ
ਦਵਾਈ ਨਾ ਖਾਣੀ - ਹੁਕਮ ਨਾ ਮੰਨਣਾ
ਡਾਕਟਰ ਨੇ ਪਿਆਰ ਨਾਲ ਕੰਡ 'ਤੇ ਹੱਥ ਰੱਖਿਆ - ਇਕ ਕਦਮ ਗੁਰੂ ਵੱਲ ਚੱਲ ਕੇ ਜਾਈਏ ਤਾਂ ਗੁਰੂ ਕਰੋੜ ਕਦਮ ਚੱਲ ਕੇ ਆਪ ਮਿਲਦਾ ਹੈ।
ਬਾਕਾਇਦਾ ਖੁਰਾਕ - ਅੰਮ੍ਰਿਤ ਵੇਲੇ ਗੁਰੂ ਨੂੰ ਯਾਦ ਕਰਨਾ
ਡਲਿਵਰੀ - ਦੁਖਾਂ ਦਾ ਨਾਸ਼, ਸੁਖਾਂ ਦਾ ਸ਼ੁਰੂ ਹੋਣਾ
ਡਾਕਟਰ ਨੂੰ ਘੁੱਟ ਕੇ ਜੱਫਾ ਮਾਰਿਆ - ਸੀਸ ਨਿਵਾ ਦਿੱਤਾ ਅਤਿ ਗਰੀਬੀ ਤੇ ਨਿਮਰਤਾ ਨਾਲ
ਪੁੜੀਆਂ - ਹੁਕਮਨਾਮੇ, ਗੁਰਬਾਣੀ
ਦੂਰੋਂ ਸਰਜਨ ਆਏ - ਅਖੰਡ ਕੀਰਤਨੀ ਜਥੇ
ਸਰਜਨ ਦੇ ਹਥਿਆਰ- ਗੁਰਬਾਣੀ ਦੇ ਭੰਡਾਰੇ
ਅਪਰੇਸ਼ਨ ਰੂਮ - ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ
ਅਪਰੇਸ਼ਨ ਦਾ ਸਮਾਂ - ਸੁਭਾਗੀ ਕੀਰਤਨ ਰੈਣ ਸਬਾਈ ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ
ਕੈਂਚੀ ਚਾਕੂ - ਗੁਰੂ ਦੇ ਸ਼ਬਦ
ਕੋਈ ਰਿਸ਼ਤੇਦਾਰ ਨਾ ਵੜਿਆ - ਮੈਂ ਇਕਲਾ ਹੀ ਹਸਪਤਾਲ ਗਿਆ ਸੀ। ਮੇਰੀ ਔਰਤ ਦੇ ਬੱਚੇ ਵੀ ਨਹੀਂ ਸਨ।
ਵੱਡਾ ਸਰਜਨ - ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਜੁੜੀ ਸੰਗਤ ਤੇ ਕੀਰਤਨ ਦੀ ਸੇਵਾ ਕਰ ਰਹੇ ਸ਼ਸਤ੍ਰਧਾਰੀ ਸਿੰਘਾਂ ਨੇ ਗੁਰੂ ਹਰਕ੍ਰਿਸ਼ਨ ਸਾਹਿਬ ਸੱਚੇ ਪਾਤਸ਼ਾਹ ਦੀ ਮਿਹਰ ਨਾਲ 'ਜਿਸ ਡਿਠੇ ਸਭ ਦੁਖ ਜਾਏ' ਦੀ ਧੁਨ ਨਾਲ ਮੇਰੇ ਰੋਗ ਕੱਟੇ।
ਸਿਲਾਈ ਦਾ ਕੰਮ ਸ਼ੁਰੂ ਕਰ ਦਿੱਤਾ, ਮੈਂ ਜੰਮ ਪਿਆ ਸੀ–ਮੇਰੇ ਰੋਗ ਦੇ ਅੱਥਰੂ ਸ਼ੁਕਰ ਦੇ ਅੱਥਰੂ ਬਣ ਗਏ।
ਦਵਾਈਆਂ ਦਾ ਸੰਦੂਕ—ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ।


www.AKJ.Org

# ਦਸਮ ਪਾਤਸ਼ਾਹ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ

## ਵੱਡੇ ਸਾਹਿਬਜਾਦੇ

ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਵੱਡੇ ਸਾਹਿਬਜਾਦੇ ਸਨ। ਬਾਬਾ ਅਜੀਤ ਸਿੰਘ ਦਾ ਜਨਮ ਸੰਨ 1686 ਨੂੰ ਪਾਉਂਟਾ ਸਾਹਿਬ ਵਿਖੇ ਮਾਤਾ ਸੁੰਦਰੀ ਜੀ ਦੀ ਕੁੱਖ ਤੋਂ ਹੋਇਆ। ਬਾਬਾ ਜੁਝਾਰ ਸਿੰਘ ਦਾ ਜਨਮ ਸੰਨ 1690 ਨੂੰ ਆਨੰਦਪੁਰ ਸਾਹਿਬ ਵਿਖੇ ਹੋਇਆ। ਸਾਹਿਬਜ਼ਾਦਿਆਂ ਦੀ ਸਿਖਲਾਈ ਪੜ੍ਹਾਈ ਗੁਰੂ ਜੀ ਦੀ ਨਿਗਰਾਨੀ ਹੇਠ ਹੋਈ। ਘੋੜ ਸਵਾਰੀ, ਸ਼ਸ਼ਤਰ ਵਿਦਿਆ ਤੀਰ, ਅੰਦਾਜੀ ਵਿਚ ਸਾਹਿਬਜਾਦਿਆ ਨੂੰ ਨਿਪੁੰਨ ਕਰ ਦਿੱਤਾ ਗਿਆ।

ਇਕ ਵਾਰ ਅਨੰਦਪੁਰ ਸਾਹਿਬ ਵਿਖੇ ਦੀਵਾਨ ਸਜਿਆ ਹੋਇਆ ਸੀ, ਕਿ ਇਕ ਬ੍ਰਾਹਮਣ ਜਿਸ ਦਾ ਨਾਮ ਦੇਵਦਾਸ ਸੀ, ਰੋਂਦਾ ਕੁਰਲਾਂਦਾ ਦੀਵਾਨ ਵਿਚ ਪੁੱਜਿਆ। ਇਹ ਹੁਸ਼ਿਆਰਪੁਰ ਦੇ ਨੇੜੇ ਦੇ ਇੱਕ ਪਿੰਡ ਦਾ ਰਹਿਣ ਵਾਲਾ ਸੀ। ਗੁਰੂ ਜੀ ਨੇ ਬ੍ਰਾਹਮਣ ਨੂੰ ਚੁਪ ਕਰਾ ਕੇ ਰੋਣ ਦਾ ਕਾਰਨ ਪੁੱਛਿਆ। ਬ੍ਰਾਹਮਣ ਕਹਿਣ ਲੱਗਾ," ਮੈਂ ਮੁਕਲਾਵਾ ਲੈ ਕੇ ਆ ਰਿਹਾ ਸੀ ਕਿ ਮੇਰੀ ਘਰ ਵਾਲੀ ਬ੍ਰਾਹਮਣੀ ਪਠਾਣਾਂ ਨੇ ਖੋਹ ਲਈ ਹੈ। ਮੈਂ ਬਹੁਤ ਚੀਕ ਪੁਕਾਰ ਕੀਤੀ ਪਰ ਮੇਰੀ ਕਿਸੇ ਨਾ ਸੁਣੀ। ਉਹਨਾਂ ਮੈਨੂੰ ਫੜ ਕੇ ਬਹੁਤ ਮਾਰਿਆ ਤੇ ਮੇਰੀ ਘਰਵਾਲੀ ਖੋਹ ਕੇ ਚਲਦੇ ਬਣੇ। ਹੁਣ ਮੈਂ ਆਪ ਜੀ ਦੀ ਸ਼ਰਨ ਆਇਆ ਹਾਂ। ਮੇਰੀ ਸਹਾਇਤਾ ਕਰੋ ਤੇ ਮੇਰੀ ਇਸਤਰੀ ਮੈਨੂੰ ਵਾਪਸ ਦਿਵਾਉ।"

ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਹੁਕਮ ਦਿੱਤਾ ਕਿ ਬਸੀ ਦੇ ਪਠਾਣ ਜਾਬਰ ਖਾਂ ਨੇ ਇਸ ਬ੍ਰਾਹਮਣ ਦੀ ਘਰਵਾਲੀ ਖੋਹ ਲਈ ਹੈ। ਤੁਸੀਂ ਸਿੰਘਾਂ ਨੂੰ ਲੈ ਕੇ ਜਾਉ ਤੇ ਬਿਜਲੀ ਦੀ ਫੁਰਤੀ ਵਾਂਗੂੰ ਬ੍ਰਾਹਮਣੀ ਨੂੰ ਛੁਡਾ ਕੇ ਇਸ ਦੇ ਹਵਾਲੇ ਕਰੋ। ਜਾਬਰ ਖਾਂ ਨੂੰ ਉਸ ਦੇ ਕੀਤੇ ਦੀ ਕਰੜੀ ਸਜ਼ਾ ਦਿਉ।

ਸਾਹਿਬਜਾਦਾ ਅਜੀਤ ਸਿੰਘ ਨੇ 100 ਸਿੰਘਾਂ ਨੂੰ ਨਾਲ ਲਿਆ ਤੇ ਬ੍ਰਾਹਮਣ ਨੂੰ ਆਪਣੇ ਘੋੜੇ ਤੇ ਬਿਠਾ ਲਿਆ। ਅਜੇ ਦਿਨ ਨਹੀਂ ਸੀ ਚੜ੍ਹਿਆ ਕਿ ਬਸੀ ਪਠਾਣਾਂ ਤੇ ਜਾ ਪਏ। ਹਵੇਲੀ ਦਾ ਬੂਹਾ ਤੋੜ ਕੇ ਅੰਦਰ ਲੰਘ ਗਏ। ਪਠਾਣਾਂ ਨੇ ਸਿੱਖਾਂ ਨੂੰ ਅੰਦਰ ਆਉਂਦਿਆ ਵੇਖ,"ਸਿੱਖ ਆ ਗਏ ! !" ਦਾ ਰੌਲਾ ਪਾ ਦਿੱਤਾ। ਕਿਸੇ ਪਠਾਣ ਦਾ ਹੌਸਲਾ ਨਹੀ ਸੀ ਪੈ ਰਿਹਾ ਕਿ ਸਿੱਖਾਂ ਨਾਲ ਟੱਕਰ ਲੈ ਸਕੇ। ਜਾਬਰ ਖਾਂ ਅੰਦਰ ਕਮਰੇ ਵਿਚ ਲੁਕਿਆ ਹੋਇਆ ਸੀ। ਸਿੱਖਾਂ ਨੇ ਘਬਰਾਏ ਹੋਏ ਜਾਬਰ ਖਾਂ ਨੂੰ ਜਾ ਪਕੜਿਆ।ਬ੍ਰਾਹਮਣ ਨੇ ਦੋਸ਼ੀ ਜਾਬਰ ਖਾਂ ਨੂੰ ਪਛਾਣ ਲਿਆ ਸੀ। ਬ੍ਰਾਹਮਣੀ ਨੂੰ ਅੰਦਰੋਂ ਲੱਭ ਕੇ ਬ੍ਰਾਹਮਣ ਦੇ ਹਵਾਲੇ ਕੀਤਾ। ਹੋਰ ਕਿਸੇ ਨੂੰ ਕੁਝ ਨਹੀ ਕਿਹਾ, ਕੋਈ ਧਨ ਪਦਾਰਥ ਨਹੀ ਲੁੱਟਿਆ, ਨਾ ਹੀ ਕਿਸੇ ਹੋਰ ਚੀਜ਼ ਨੂੰ ਹੱਥ ਲਾਇਆ। ਜਾਬਰ ਖਾਂ ਪਠਾਣ ਨੂੰ ਬੰਨ੍ਹ ਕੇ ਘੋੜੇ ਤੇ ਬਿਠਾ ਕੇ ਬ੍ਰਾਹਮਣੀ ਸਮੇਤ ਅਨੰਦਪੁਰ ਸਾਹਿਬ ਪਹੁੰਚੇ। ਬ੍ਰਾਹਮਣੀ ਬ੍ਰਾਹਮਣ ਦੇ ਸਪੁਰਦ ਕੀਤੀ ਤੇ ਜਾਬਰ ਖਾਂ ਦੇ ਨੀਚ ਕਰਮਾਂ ਦੀ ਕਰੜੀ ਸਜ਼ਾ ਉਸ ਨੂੰ ਦਿੱਤੀ ਗਈ। ਗੁਰੂ ਜੀ ਸਾਹਿਬਜ਼ਾਦਾ ਅਜੀਤ ਸਿੰਘ ਦੇ ਇਸ ਕਾਰਨਾਮੇ ਤੇ ਬਹੁਤ ਖੁਸ਼ ਹੋਏ।

18-19 ਦਸੰਬਰ 1704 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ। ਸਰਸਾ ਦੇ ਕੰਢੇ ਭਾਰੀ ਲੜਾਈ ਹੋਈ, ਜਿਸ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਨੇ ਅਗਵਾਈ ਕੀਤੀ ਜਦ ਬਾਕੀ ਸਿੰਘ ਸਰਸਾ ਪਾਰ ਕਰ ਗਏ ਤਾਂ ਪਿੱਛੋਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਵੀ ਸਰਸਾ ਪਾਰ ਕੀਤੀ। ਰੋਪੜ ਦੇ ਸਥਾਨ ਤੇ ਵੀ ਪਠਾਣਾਂ ਨਾਲ ਲੜਾਈ ਹੋਈ। ਇਸ ਉਪਰੰਤ ਬਾਕੀ 40 ਸਿੰਘਾਂ ਸਮੇਤ ਸਰਸਾ ਨਦੀ ਪਾਰ ਕਰਨ ਉਪਰੰਤ ਚਮਕੌਰ ਸਾਹਿਬ ਪਹੁੰਚੇ। ਇਥੇ ਚੌਧਰੀ ਬੁਧੀ ਚੰਦ ਦੀ ਇਕ ਕੱਚੀ ਗੜ੍ਹੀ ਸੀ ਜਿਸ ਵਿਚ ਗੁਰੂ ਜੀ, ਦੋ ਵੱਡੇ ਸਾਹਿਬਜ਼ਾਦੇ ਤੇ 40 ਸਿੰਘਾਂ ਨੇ 10 ਲੱਖ ਫੌਜ ਦਾ ਡੱਟ ਕੇ ਟਾਕਰਾ ਕੀਤਾ। ਜਦੋਂ ਕੁਝ ਸਿੰਘ ਸ਼ਹੀਦ ਹੋ ਚੁੱਕੇ ਤਾਂ ਬਾਕੀ ਬਚੇ ਸਿੰਘਾਂ ਨੇ ਬੇਨਤੀ ਕੀਤੀ, 'ਗੁਰੂ ਜੀ ! ਤੁਸੀ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਗੜ੍ਹੀ 'ਚੋ ਬਾਹਰ ਨਿਕਲ ਜਾਓ। ਗੁਰੂ ਜੀ ਨੇ ਕਿਹਾ,' ਤੁਸੀ ਕਿਹੜੇ ਸਾਹਿਬਜ਼ਾਦਿਆ ਦੀ


www.AKJ.Org

ਗੱਲ ਕਰਦੇ ਹੋ ਤੁਸੀ ਸਾਰੇ ਹੀ ਮੇਰੇ ਸਾਹਿਬਜ਼ਾਦੇ ਹੋ' ਫਿਰ ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਤਿਆਰ ਕੀਤਾ। ਸ਼ਸਤਰ ਸਜਾਏ। ਪੰਜ ਸਿੰਘ ਨਾਲ ਦੇ ਕੇ ਗੜ੍ਹੀ ਵਿਚੋਂ ਮੈਦਾਨੇ ਜੰਗ ਵੱਲ ਤੋਰਿਆ। ਸਾਹਿਬਜ਼ਾਦਾ ਅਜੀਤ ਸਿੰਘ ਨੇ ਜਦੋਂ ਤੀਰ ਚਲਾਏ ਤਾਂ ਮੁਗਲ ਫੌਜ "ਅੱਲਾ ਅੱਲਾ" ਪੁਕਾਰਨ ਲੱਗੀ । ਤੀਰਾਂ ਤੋਂ ਬਾਅਦ ਆਪ ਨੇ ਤਲਵਾਰ ਦੇ ਐਸੇ ਜੌਹਰ ਦਿਖਾਏ ਕਿ ਵੈਰੀ ਦਲ ਹੈਰਾਨ ਰਹਿ ਗਿਆ। ਆਪ ਨੇ ਸੰਜੋਅ ਨਾਲ ਢਕੇ ਇਕ ਮੁਗਲ ਸਰਦਾਰ ਨੂੰ ਐਸਾ ਨੇਜ਼ਾ ਮਾਰਿਆ ਕਿ ਜਦੋਂ ਵਾਪਸ ਖਿੱਚਣ ਲੱਗੇ ਤਾਂ ਨੇਜ਼ਾ ਟੁੱਟ ਗਿਆ।ਜਦੋਂ ਆਪ ਜੀ ਦਾ ਘੋੜਾ ਜ਼ਖਮੀ ਹੋ ਗਿਆ ਤਾਂ ਆਪ ਪੈਦਲ ਹੋ ਕੇ ਵੈਰੀਆ ਦੇ ਆਹੂ ਲਾਹੁਣ ਲੱਗੇ। ਗੁਰੂ ਜੀ ਸਾਹਿਬਜ਼ਾਦੇ ਦੀ ਬਹਾਦਰੀ ਗੜ੍ਹੀ ਵਿਚੋਂ ਪ੍ਰਸੰਨਤਾ ਨਾਲ ਵੇਖ ਰਹੇ ਸਨ। ਕਈਆਂ ਨੂੰ ਪਾਰ ਬੁਲਾ ਕੇ ਅੰਤ ਸਾਹਿਬਜ਼ਾਦਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ।

ਹੁਣ ਜੁਝਾਰ ਸਿੰਘ ਜੀ ਦੀ ਵਾਰੀ ਸੀ। ਪਿਤਾ ਗੁਰੂ ਨੇ ਹੱਸਦੇ ਹੱਸਦੇ ਉਸ ਨੂੰ ਵੀ ਪੰਜ ਸਿੰਘ ਦੇ ਕੇ ਮੈਦਾਨੇ ਜੰਗ ਵਿਚ ਭੇਜਿਆ। ਜਿਵੇਂ ਹੀ ਸਾਹਿਬਜ਼ਾਦਾ ਮੈਦਾਨੇ ਜੰਗ ਵਿਚ ਆਇਆ। ਬੱਚੇ ਜਿਹੇ ਨੂੰ ਵੇਖ ਕੇ ਸਾਰੀ ਮੁਗਲ ਫੌਜ ਇਕੋ ਵਾਰ ਟੁੱਟ ਕੇ ਪੈ ਗਈ। ਗੁਰੂ ਜੀ ਨੇ ਇਹ ਵੇਖਦਿਆ ਹੀ ਗੜ੍ਹੀ ਵਿਚੋਂ ਤੀਰਾਂ ਦੀ ਬਾਰਸ਼ ਆਰੰਭ ਕਰ ਦਿੱਤੀ ਤਾਂ ਕਿ ਸਾਹਿਬਜ਼ਾਦਾ ਤੇਗ ਦੇ ਜੌਹਰ ਵਿਖਾਏ ਬਿਨਾਂ ਸ਼ਹੀਦ ਨਾ ਕਰ ਦਿੱਤਾ ਜਾਏ। ਤੀਰਾਂ ਦੀ ਛਾਂਵੇ ਬਾਬਾ ਜੁਝਾਰ ਸਿੰਘ ਜੀ ਅੱਗੇ ਵਧਦੇ ਹੋਏ ਵੈਰੀਆਂ ਦੇ ਆਹੂ ਲਾਹੁਣ ਲੱਗੇ। ਬੜੇ ਘਮਸਾਣ ਦਾ ਯੁੱਧ ਹੋਇਆ। ਕਈਆਂ ਨੂੰ ਪਾਰ ਬੁਲਾ ਕੇ ਅੰਤ ਆਪ ਸ਼ਹੀਦ ਹੋ ਗਏ।

ਸ਼ਹੀਦ ਹੋਣ ਵੇਲੇ ਬਾਬਾ ਜੁਝਾਰ ਸਿੰਘ ਜੀ ਦੀ ਉਮਰ 15 ਸਾਲ ਤੇ ਬਾਬਾ ਅਜੀਤ ਸਿੰਘ ਜੀ ਦੀ ਉਮਰ 18 ਸਾਲ ਦੇ ਕਰੀਬ ਸੀ।

## ਛੋਟੇ ਸਾਹਿਬਜ਼ਾਦੇ

ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦੇ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਸਨ। ਪਹਾੜੀ ਰਾਜੇ ਅਤੇ ਮੁਸਲਮਾਨ ਹਾਕਮ ਸਿੱਖਾਂ ਨੂੰ ਵੀ ਹੋਰਨਾਂ ਦੀ ਤਰ੍ਹਾਂ ਆਪਣਾ ਗੁਲਾਮ ਬਣਾਉਣਾ ਚਾਹੁੰਦੇ ਸਨ। ਪਰ ਸਿੱਖ ਉਨ੍ਹਾਂ ਦੀ ਈਨ ਨਹੀਂ ਸਨ ਮੰਨਦੇ।

18-19 ਦਸੰਬਰ 1704 (6-7 ਪੋਹ) ਦੀ ਰਾਤ ਨੂੰ ਅਨੰਦਪੁਰ ਦਾ ਕਿਲ੍ਹਾ ਛੱਡਿਆ। ਜਦ ਇਹ ਵਹੀਰ ਕੀਰਤਪੁਰ ਤੋ ਹੋ ਕੇ ਸਰਸਾ ਨਦੀ ਪਾਸ ਪੁੱਜਾ ਤਾਂ ਵੈਰੀ ਨਾਲ ਘਮਸਾਨ ਯੁੱਧ ਹੋਇਆ। ਗੁਰੂ ਜੀ ਨੇ ਸਰਸਾ ਨਦੀ ਪਾਰ ਕੀਤੀ। ਗੁਰੂ ਜੀ ਵੱਡੇ ਸਾਹਿਬਜ਼ਾਦੇ ਤੇ ਕਈ ਸਿੰਘ ਚਮਕੌਰ ਵੱਲ ਚਲੇ ਗਏ। ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਬਾਬਾ ਫਤਿਹ ਸਿੰਘ ਜੀ ਤੇ ਮਾਤਾ ਗੁਜਰੀ ਜੀ ਨੂੰ ਵਜ਼ੀਰ ਖਾਂ ਦਾ ਸੂਹੀਆਂ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਗਿਆ। ਸਰਹੰਦ ਦੇ ਸੂਬੇਦਾਰ ਮੁਗਲ ਹਾਕਮ ਨੇ ਗੁਰੂ ਜੀ ਤੇ ਉਨ੍ਹਾਂ ਦੇ ਪਰਿਵਾਰ ਨੂੰ ਫੜ ਲਿਆਉਣ ਲਈ ਇਨਾਮ ਰੱਖੇ ਸਨ। ਉਸ ਨੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਖਬਰ ਭਿਜਵਾ ਕੇ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਨੂੰ ਗ੍ਰਿਫਤਾਰ ਕਰਵਾ ਦਿੱਤਾ। ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆ ਨੂੰ ਕਿਲ੍ਹੇ ਦੇ ਬੁਰਜ ਵਿਚ ਕੈਦ ਕੀਤਾ ਗਿਆ। ਦਸੰਬਰ ਦੀ ਡਾਢੀ ਸਰਦੀ ਸੀ ਪਰ ਸਾਹਿਬਜ਼ਾਦੇ ਘਬਰਾਏ ਨਹੀਂ। ਮਾਤਾ ਗੁਜਰੀ ਜੀ ਉਹਨਾਂ ਨੂੰ ਜ਼ਾਲਮ ਦਾ ਦ੍ਰਿੜਤਾ ਨਾਲ ਟਾਕਰਾ ਕਰਨ ਦੀ ਸਿਖਿਆ ਦੇਂਦੇ ਰਹੇ।

ਦੂਸਰੇ ਦਿਨ ਸਾਹਿਬਜ਼ਾਦਿਆ ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸਾਹਿਬਜ਼ਾਦਿਆ(ਬਾਬਾ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਜੀ) ਦੇ ਚੇਹਰਿਆਂ ਤੇ ਕੋਈ ਉਦਾਸੀ ਜਾਂ ਡਰ ਨਹੀ ਸੀ.। ਵਜ਼ੀਰ ਖਾਂ ਸਰਹੰਦ ਦੇ ਸੂਬੇਦਾਰ ਨੇ ਸਮਝਾਇਆ ਕਿ ਤੁਹਾਡੇ ਪਿਤਾ ਭਰਾ ਅਤੇ ਹੋਰ ਸ਼ਹੀਦ ਹੋ ਚੁੱਕੇ ਹਨ। ਤੁਸੀ ਹੁਣ ਬਿਲਕੁਲ ਇੱਕਲੇ ਹੋ। ਤੁਹਾਡਾ ਕੋਈ ਆਸਰਾ ਨਹੀ, ਤੁਸੀ ਮੁਸਲਮਾਨ ਹੋ ਜਾਵੋ, ਤੁਹਾਨੂੰ ਹਰ ਤਰ੍ਹਾਂ ਦੇ ਸੁਖ ਮਿਲਣਗੇ। ਤੁਹਾਨੂੰ ਨਵਾਬ ਦੇ ਬੱਚਿਆ ਵਾਂਗ ਰੱਖਿਆ ਜਾਵੇਗਾ। ਸਾਹਿਬਜ਼ਾਦੇ ਨਾ ਤਾਂ ਸੁਖਾਂ ਦੇ ਲਾਲਚ ਵਿਚ ਆਏ ਅਤੇ ਨਾ ਹੀ ਡਰੇ। ਉਹਨਾਂ ਨੂੰ ਬਾਣੀ ਦਾ ਆਸਰਾ ਸੀ., ਭਾਵੇਂ ਉਹਨਾਂ ਦੀ ਉਮਰ ਕੇਵਲ 8 ਤੇ 6 ਸਾਲ ਸੀ ਪਰ ਬਾਣੀ ਦੇ ਪ੍ਰਭਾਵ ਕਰਕੇ ਉਹ ਬਿਲਕੁਲ ਨਿੱਡਰ ਹੋ ਗਏ ਸਨ। ਉਹਨਾਂ ਠੋਕ ਵਜਾ


www.AKJ.Org

ਕੇ ਕਿਹਾ ਕਿ ਅਸੀ ਧਰਮ ਨਹੀ ਛੱਡ ਸਕਦੇ। ਦਰਬਾਰੀ ਹੈਰਾਨ ਹੋਏ ਕਿ ਇਤਨੀ ਛੋਟੀ ਉਮਰ ਵਿਚ ਵੀ ਇਹ ਧਰਮ ਵਿਚ ਇਤਨੇ ਪੱਕੇ ਹਨ ਇਤਨੇ ਨਿਡਰ ਹਨ। ਦਰਬਾਰੀਆਂ ਨੇ ਕਿਹਾ,'' ਜੇ ਅਸੀਂ ਤੁਹਾਨੂੰ ਛੱਡ ਦੇਈਏ ਤਾਂ ਤੁਸੀ ਕੀ ਕਰੋਗੇ? ਸਾਹਿਬਜ਼ਾਦਿਆ ਨੇ ਜਵਾਬ ਦਿੱਤਾ, ''ਅਸੀ ਜਾ ਕੇ ਸਿੰਘਾਂ ਨੂੰ ਇੱਕਤਰ ਕਰਾਂਗੇ ਅਤੇ ਤੁਹਾਡੇ ਜ਼ੁਲਮ ਦੇ ਖਾਤਮੇ ਵਾਸਤੇ ਜੰਗ ਕਰਾਂਗੇ।''

ਦਰਬਾਰੀਆਂ ਨੇ ਫਿਰ ਸੁਆਲ ਕੀਤਾ,'' ਜੇ ਤੁਸੀਂ ਹਾਰ ਗਏ ਫਿਰ ਕੀ ਕਰੋਗੇ?

ਉਨ੍ਹਾਂ ਜਵਾਬ ਦਿੱਤਾ, 'ਹਾਰ ਸਾਡੇ ਜੀਵਨ ਵਿਚ ਲਿਖੀ ਹੀ ਨਹੀਂ ਅਸੀਂ ''ਫੌਜ ਤਿਆਰ ਕਰਕੇ ਤੁਹਾਡੇ ਨਾਲ ਉਦੋਂ ਤਕ ਜੰਗ ਕਰਦੇ ਰਹਾਂਗੇ ਜਦੋਂ ਤਕ ਜ਼ੁਲਮ ਦੇ ਰਾਜ ਨੂੰ ਖ਼ਤਮ ਨਹੀ ਕਰ ਲੈਂਦੇ ਜਾਂ ਅਸੀ ਸ਼ਹੀਦ ਨਹੀ ਹੋ ਜਾਂਦੇ।''

ਵਜ਼ੀਰ ਖਾਂ ਨੂੰ ਬੜਾ ਗੁੱਸਾ ਆਇਆ। ਉਸ ਨੇ ਸਾਹਿਬਜ਼ਾਦਿਆ ਨੂੰ ਦੀਵਾਰ ਵਿਚ ਜ਼ਿੰਦਾ ਚਿਣ ਦੇਣ ਦਾ ਹੁਕਮ ਕੀਤਾ। ਮਲੇਰਕੋਟਲੇ ਦੇ ਨਵਾਬ ਨੇ ਗਿਲਾ ਕੀਤਾ ਕਿ ਬੱਚਿਆ ਨਾਲ ਵੈਰ ਨਹੀ ਕਮਾਉਣਾ ਚਾਹੀਦਾ, ਪਰ ਇਕ ਹਿੰਦੂ ਅਹਿਲਕਾਰ ਦੀਵਾਨ ਸੁੱਚਾ ਨੰਦ ਨੇ ਕਿਹਾ, ਕਿ ਇਨ੍ਹਾਂ ਨੂੰ ਮਾਰ ਦਿੱਤਾ ਜਾਵੇ, ਕਿਉਂਕਿ ਸੱਪ ਦੇ ਬੱਚੇ ਸੱਪ ਹੀ ਹੁੰਦੇ ਹਨ। ਇਸ ਹਿੰਦੂ ਦੇ ਜ਼ੋਰ ਪਾਉਣ ਤੇ ਸਾਹਿਬਜ਼ਾਦਿਆ ਨੂੰ ਦੀਵਾਰ ਵਿਚ ਜ਼ਿੰਦਾ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਮਾਤਾ ਗੁਜਰੀ ਜੀ ਨੂੰ ਬੁਰਜ ਤੋਂ ਹੇਠਾਂ ਡੇਗ ਕੇ ਸ਼ਹੀਦ ਕਰ ਦਿੱਤਾ ਗਿਆ। ਸਾਹਿਬਜ਼ਾਦੇ ਖੁਸ਼ੀ ਖੁਸ਼ੀ ਸ਼ਹੀਦ ਹੋਗਏ, ਪਰ ਜ਼ਰਾ ਨਾ ਘਬਰਾਏ। ਉਨ੍ਹਾਂ ਨੇ ਵਾਹਿਗੁਰੂ ਵਿਚ ਹੀ ਧਿਆਨ ਜੋੜੀ ਰੱਖਿਆ।

ਬੰਦਾ ਸਿੰਘ ਬਹਾਦਰ ਨੇ ਜਦ ਪੰਜਾਬ ਤੇ ਹਮਲਾ ਕੀਤਾ ਤਾਂ ਸ਼ਹਿਰ ਨੂੰ ਪੂਰੀ ਤਰ੍ਹਾਂ ਉਜਾੜ ਦਿੱਤਾ। ਵਜ਼ੀਰ ਖਾਂ ਤੋਂ ਗਿਣ ਗਿਣ ਕੇ ਬਦਲੇ ਲਏ ਗਏ ਅਤੇ ਉਸ ਨੂੰ ਉਸ ਦੇ ਕੀਤੇ ਦੀ ਸਜ਼ਾ ਦਿੱਤੀ ਗਈ। *ਸਿਖਿਆ:* ਇਕ ਵਾਹਿਗੁਰੂ ਦੇ ਹੁਕਮ ਨੂੰ ਮੰਨ ਲੈਣ ਨਾਲ ਸਾਰੇ ਡਰ ਦੂਰ ਹੋ ਜਾਂਦੇ ਹਨ। ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਜਾਣ ਨਾਲ ਬੱਚੇ ਵੀ ਵੱਡੀ ਤੋਂ ਵੱਡੀ ਤਾਕਤ ਦਾ ਟਾਕਰਾ ਕਰ ਸਕਦੇ ਹਨ। ਨਿਡਰ ਹੋ ਕੇ ਜੀਵਣ ਗੁਜਾਰਨਾ ਹੀ ਸਿੱਖੀ ਦਾ ਮੁਢਲਾ ਅਸੂਲ ਹੈ।

## ਸਤਿਗੁਰੂ ਜੀ ਅੱਗੇ ਜੋਦੜੀ

*ਜਿਵੇਂ ਕਿ ਪਿਛਲੇ ਕਈ ਅੰਕਾਂ ਵਿਚ ਅਖੰਡ ਕੀਰਤਨੀ ਜੱਥੇ ਵਿਚ ਪੈਦਾ ਹੋਏ ਵਿਵਾਦਾਂ ਦੇ ਸੁਲਝਾ ਲਈ ਜੱਥੇ ਦੀਆਂ ਸਮੂਹ ਹਿਤੈਸ਼ੀ ਸੰਗਤਾਂ ਨੂੰ ਸਤਿਗੁਰੂ ਜੀ ਅੱਗੇ ਆਪਣੀਆਂ ਭੁੱਲਾਂ ਬਖਸ਼ਾ ਕੇ ਮੁੜ ਕੇ ਨਾਮ ਰੰਗਾਂ ਦੇ ਪ੍ਰੇਮ ਅਖਾੜੇ ਬਖਸ਼ਣ ਲਈ ਅਰਦਾਸ ਕਰਨ ਦੀ ਬੇਨਤੀ ਕੀਤੀ ਗਈ ਸੀ ਉਸੇ ਲੜੀ ਵਿਚ ਹੁਣ ਅਗਲਾ ਅਰਦਾਸ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਵਾਲੇ ਦਿਨ 1 ਦਸੰਬਰ ਨੂੰ ਮਿੱਥਿਆ ਗਿਆ ਹੈ। ਸੋ ਸਮੂਹ ਸੰਗਤਾਂ ਪ੍ਰਤੀ ਬਿਨੈ ਹੈ ਕਿ ਆਪਣੇ ਹੋਰ ਸੱਜਣਾਂ ਮਿਤਰਾਂ ਜਿਨ੍ਹਾਂ ਨੂੰ ਨਾ ਪਤਾ ਹੋਵੇ ਸੁਨੇਹਾ ਪਹੁੰਚਾ ਕੇ 1 ਦਸੰਬਰ ਨੂੰ ਕਿਸੇ ਵੇਲੇ ਵੀ ਨਿਤਨੇਮ ਤੋਂ ਇਲਾਵਾ ਇਕ ਹੋਰ ਜਪੁਜੀ ਸਾਹਿਬ ਦੇ ਜਾਪ ਕਰਕੇ ਅਰਦਾਸ ਦਿਵਸ ਵਜੋਂ ਮਨਾਓ ਤਾਂ ਕਿ ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਮੁੜ ਕੇ ਪੁਰਾਣੇ ਕੀਰਤਨ ਅਖਾੜਿਆਂ ਵਰਗੇ ਰੰਗ ਮਾਣ ਸਕੀਏ।*

ਦਾਸਰੇ - ਸੂਰਾ ਪਰਿਵਾਰ

## ਗੁਰਮਤਿ ਸਾਹਿਤ ਨੂੰ ਰੱਦੀ ਵਿਚ ਨਾ ਵੇਚੋ ਜੀ

*ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਸੂਰਾ ਪੱਤਰ ਦੇ ਪੁਰਾਣੇ ਅੰਕ ਅਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਵੇਚ ਕੇ ਗੁਰਬਾਣੀ ਦੀ ਬੇ-ਅਦਬੀ ਦੇ ਭਾਗੀ ਨਾ ਬਣੋ ਜੀ ਸਗੋਂ ਇਹ ਸਾਹਿਤ ਹੋਰਨਾਂ ਲੋਕਾਂ ਨੂੰ ਪੜ੍ਹਾ ਕੇ ਗੁਰਮਤਿ ਪ੍ਰਚਾਰ ਵਿਚ ਹਿੱਸਾ ਪਾਉ ਜੀ ਪੁਰਾਣੇ ਸੂਰਾ ਪੱਤਰ ਜਾਂ ਹੋਰ ਸਾਹਿਤ ਸੂਰਾ ਦਫਤਰ ਜਾਂ ਸਟਾਲ ਤੇ ਵੀ ਪਹੁੰਚਾਇਆ ਜਾ ਸਕਦਾ ਹੈ ਜਿਥੋਂ ਕਿ ਚਾਹਵਾਨ ਸੰਗਤਾਂ ਨੂੰ ਇਹ ਪੁਰਾਣੇ ਅੰਕ ਬਿਲਕੁਲ ਭੇਟਾ ਰਹਿਤ ਦਿੱਤੇ ਜਾਂਦੇ ਹਨ*


www.AKJ.Org

# ਗੁਰੂ ਤੇਗ ਬਹਾਦਰ ਜੀ ਨਾਲ ਸ਼ਹੀਦ ਹੋਏ ਮਹਾਨ ਸਿਖ

## ਭਾਈ ਮਤੀ ਦਾਸ ਜੀ

ਆਰਾ ਪਿਆਰਾ ਲਗਦਾ ਹੈ, ਕਾਰਾ ਕਰੋ ਬਨਾਇ।
ਸੀਸ ਜਾਏ ਤਾ ਜਾਏ ਮੇਰਾ ਸਿੱਖੀ ਸਿਦਕ ਨਾ ਜਾਇ।

ਦਿੱਲੀ ਵਿਚ ਗੁਰਦੁਆਰਾ ਸੀਸ ਗੰਜ ਦੇ ਸਾਹਮਣੇ ਚੌਕ ਵਿਚ ਵੱਡਾ ਫੁਹਾਰਾ ਹੈ। ਇਸ ਨੂੰ ਭਾਈ ਮਤੀ ਦਾਸ ਚੌਕ ਕਹਿੰਦੇ ਹਨ। ਇਥੇ ਭਾਈ ਮਤੀ ਦਾਸ ਜੀ ਨੇ ਆਪਣਾ ਖ਼ੂਨ ਡੋਲ੍ਹ ਕੇ ਸ਼ਹੀਦੀ ਪ੍ਰਾਪਤ ਕੀਤੀ ਸੀ।

ਭਾਈ ਮਤੀ ਦਾਸ ਜੀ ਪਿੰਡ ਕਰਿਆਲਾ ਜ਼ਿਲ੍ਹਾ ਜਿਹਲਮ ਦੇ ਵਸਨੀਕ ਸਨ। ਆਪ ਦੇ ਪਿਤਾ ਦਾ ਨਾਂਮ ਭਾਈ ਪਰਾਗਾ ਜੀ ਸੀ। ਭਾਈ ਪਰਾਗਾ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲ ਬਾਬਾ ਬਕਾਲੇ ਵਿਖੇ ਦਰਸ਼ਨਾਂ ਲਈ ਆਏ ਤਾਂ ਆਪਣਾ ਸਾਰਾ ਜੀਵਨ ਸਤਿਗੁਰੂ ਨੂੰ ਅਰਪਣ ਕਰ ਦਿੱਤਾ। ਬਹੁਤ ਸਮਾਂ ਗੁਰੂ ਜੀ ਦੇ ਨੇੜੇ ਰਹੇ। ਗੁਰੂ ਜੀ ਨੇ ਭਾਈ ਮਤੀ ਦਾਸ ਜੀ ਨੂੰ ਦੀਵਾਨ ਥਾਪਿਆ। ਭਾਈ ਮਤੀ ਦਾਸ ਜੀ ਗੁਰੂ ਤੇਗ ਬਹਾਦਰ ਸਾਹਿਬ ਨਾਲ ਬਿਹਾਰ, ਬੰਗਾਲ ਤੇ ਆਸਾਮ ਦੇ ਪ੍ਰਚਾਰ ਦੌਰੇ ਤੇ ਨਾਲ ਗਏ ਸਨ।

ਜਦੋਂ ਗੁਰੂ ਤੇਗ ਬਹਾਦਰ ਸਾਹਿਬ ਹਿੰਦੂਆਂ ਤੇ ਹੋ ਰਹੇ ਜ਼ੁਲਮ ਨੂੰ ਰੋਕਣ ਲਈ ਦਿੱਲੀ ਗਏ ਤਾਂ ਆਪ ਦੇ ਨਾਲ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ, ਭਾਈ ਊਦੇ ਜੀ ਭਾਈ ਜੈਤਾ ਜੀ ਤੇ ਭਾਈ ਸਤੀ ਦਾਸ ਜੀ ਆਦਿ ਗੁਰਸਿੱਖ ਸਨ।

ਜਦੋ ਮੁਗਲ ਹਕੂਮਤ ਨਾਲ ਗੱਲਬਾਤ ਸਿਰੇ ਨਾ ਚੜ੍ਹੀ ਤਾਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਦਿੱਤਾ ਗਿਆ। ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਗੁਰੂ ਸਾਹਿਬ ਦੇ ਕੋਲ ਹੀ ਰਹੇ। ਉਹਨਾਂ ਫੈਸਲਾ ਕੀਤਾ ਕਿ ਉਹ ਗੁਰੂ ਜੀ ਨੂੰ ਇੱਕਲਿਆ ਸ਼ਹੀਦ ਨਹੀਂ ਹੋਣ ਦੇਣਗੇ। ਭਾਈ ਗੁਰਦਿੱਤਾ ਜੀ ਨੂੰ ਅਨੰਦਪੁਰ ਸਾਹਿਬ ਭੇਜਿਆ ਗਿਆ। ਭਾਈ ਜੈਤਾ ਜੀ ਤੇ ਭਾਈ ਊਦੈ ਜੀ ਦੀ ਜ਼ਿੰਮੇਵਾਰੀ ਸਤਿਗੁਰਾਂ ਦੀ ਸ਼ਹਾਦਤ ਦੇ ਬਾਅਦ ਸਰੀਰ ਨੂੰ ਸੰਭਾਲਣ ਦੀ ਲਗਾਈ ਗਈ।

ਮੁਗਲ ਹਕੂਮਤ ਨੇ ਫੈਸਲਾ ਕੀਤਾ ਕਿ ਪਹਿਲਾਂ ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਸ਼ਹੀਦ ਕੀਤਾ ਜਾਵੇ। ਸਾਰੇ ਸ਼ਹਿਰ ਵਿਚ ਢੰਡੋਰਾ ਪਿਟਵਾਇਆ ਗਿਆ। ਭਾਰੀ ਗਿਣਤੀ ਵਿਚ ਲੋਕ ਇੱਕਠੇ ਹੋ ਗਏ। ਪਹਿਲਾਂ ਭਾਈ ਮਤੀ ਦਾਸ ਜੀ ਨੂੰ ਕੋਤਵਾਲੀ ਵਿਚੋਂ ਬਾਹਰ ਲਿਆਂਦਾ ਗਿਆ ਜਿਥੇ ਜਲਾਦ ਪਹਿਲਾਂ ਹੀ ਆਰਾ ਤੇ ਸ਼ਕੰਜਾ ਲੈ ਕੇ ਖੜ੍ਹੇ ਕੀਤੇ ਗਏ ਸਨ।

ਭਾਈ ਮਤੀ ਦਾਸ ਜੀ ਨੂੰ ਕਾਜ਼ੀ ਨੇ ਆਖਿਆ "ਸਿੱਖੀ ਛੱਡ ਕੇ ਮੁਸਲਮਾਨ ਹੋ ਜਾਉ, ਤੁਹਾਨੂੰ ਬਹੁਤ ਸੁਖ ਦਿੱਤੇ ਜਾਣਗੇ।" ਪ੍ਰੰਤੂ ਭਾਈ ਜੀ ਨੇ ਸਾਰੇ ਦੁਨਿਆਵੀ ਸੁਖ ਤੇ ਲਾਲਚ ਠੁਕਰਾ ਦਿੱਤੇ ਤੇ ਕਿਹਾ : ਮੈਂ ਸਿੱਖੀ ਨਹੀਂ ਛੱਡ ਸਕਦਾ, ਭਾਵੇਂ ਮੇਰੀ ਜਾਨ ਵੀ ਚਲੀ ਜਾਵੇ। ਕਾਜ਼ੀ ਨੇ ਫਿਰ ਕਿਹਾ ਕਿ "ਗੁਰੂ ਸਾਹਿਬ ਦਾ ਸਾਥ ਛੱਡ ਦਿਉ ।" ਭਾਈ ਸਾਹਿਬ ਨੇ ਕਿਹਾ, "ਗੁਰੂ ਸਾਹਿਬ ਨੂੰ ਛੱਡ ਕੇ ਮੈਂ ਜ਼ਿੰਦਾ ਨਹੀਂ ਰਹਿ ਸਕਦਾ। ਅੰਤ ਨੂੰ ਮਰਨਾ ਤਾਂ ਹੈ ਹੀ, ਕਿਉਂ ਨਾ ਸਿੱਖੀ ਨਿਭਾ ਕੇ ਹੀ ਮਰਾਂ । ਗੁਰੂ ਸਾਹਿਬ ਤੋਂ ਪਹਿਲਾਂ ਸ਼ਹਾਦਤ ਮੇਰੀ ਹੋਵੇਗੀ।"

ਕਾਜ਼ੀ ਨੇ ਭਾਈ ਸਾਹਿਬ ਨੂੰ ਆਰੇ ਨਾਲ ਦੋ-ਫਾੜ ਕਰਨ ਦਾ ਹੁਕਮ ਸੁਣਾ ਦਿੱਤਾ। ਭਾਈ ਸਾਹਿਬ ਜੀ ਤੋਂ ਅੰਤਮ ਖਾਹਿਸ਼ ਪੁੱਛੀ ਕਿ ਤੁਸੀਂ ਕੀ ਚਾਹੁੰਦੇ ਹੋ?

ਭਾਈ ਮਤੀ ਦਾਸ ਜੀ ਨੇ ਉੱਤਰ ਦਿੱਤਾ, 'ਮੇਰੇ ਸੀਸ 'ਤੇ ਆਰਾ ਰੱਖਣ ਸਮੇਂ ਮੇਰਾ ਮੂੰਹ ਗੁਰੂ ਸਾਹਿਬ ਵੱਲ ਕਰ ਦੇਣਾਂ ਤਾਂ ਕਿ ਮੈਂ ਆਪਣੇ ਅੰਤਲੇ ਸਮੇਂ ਆਪਣੇ ਪ੍ਰੀਤਮ ਦੇ ਦਰਸ਼ਨ ਕਰ ਸਮਾਂ । ਬਸ ਇਹੀ ਮੇਰੀ ਇੱਛਾ ਹੈ।

ਇਸੇ ਤਰ੍ਹਾਂ ਕੀਤਾ ਗਿਆ। ਭਾਈ ਸਾਹਿਬ ਦੇ ਸੀਸ 'ਤੇ ਆਰਾ ਚਲਣਾ ਸ਼ੁਰੂ ਹੋਇਆ। ਖ਼ੂਨ ਦੀਆਂ


www.AKJ.Org

ਧਾਰਾਂ ਦੂਰ-ਦੂਰ ਤੱਕ ਵਗਣ ਲੱਗੀਆਂ। ਖੂਨ ਦੇ ਪਰਨਾਲੇ ਛੁੱਟ ਪਏ। ਪਰ ਵੇਖਣ ਵਾਲੇ ਲੋਗ ਦੰਗ ਰਹਿ ਗਏ ਕਿ ਭਾਈ ਸਾਹਿਬ ਨੂੰ ਜ਼ਰਾ ਵੀ ਘਬਰਾਹਟ ਨਹੀਂ ਸੀ। ਜਿਵੇਂ ਜਿਵੇਂ ਆਰਾ ਚਲ ਰਿਹਾ ਸੀ ਚੇਹਰੇ 'ਤੇ ਜਲਾਲ ਵਧਦਾ ਜਾ ਰਿਹਾ ਸੀ। ਵੇਖਣ ਵਾਲਿਆਂ ਦੇ ਰੌਂਗਟੇ ਖੜ੍ਹੇ ਹੋ ਗਏ। ਇਸ ਤਰ੍ਹਾਂ ਦੀ ਸ਼ਹੀਦੀ ਉਹਨਾਂ ਪਹਿਲੇ ਕਦੇ ਨਹੀਂ ਸੀ ਵੇਖੀ। ਆਰੇ ਦਾ ਚੀਰ ਭਾਈ ਸਾਹਿਬ ਦੀ ਸਮਾਧੀ ਨੂੰ ਭੰਗ ਨਾ ਕਰ ਸਕਿਆ। ਭਾਈ ਸਾਹਿਬ ਦਾ ਸਰੀਰ ਦੋ-ਫਾੜ ਹੋ ਗਿਆ ਤੇ ਉਹਨਾਂ ਦੀ ਆਤਮਾ ਰੂਪੀ ਭੌਰ ਉਡਾਰੀ ਮਾਰ ਗਿਆ। ਦੁਨੀਆਂ ਦੇ ਇਤਿਹਾਸ ਵਿਚ ਭਾਈ ਸਾਹਿਬ ਦੀ ਸ਼ਹਾਦਤ ਬੇ-ਮਿਸਾਲ ਹੈ।

ਜਿਨ੍ਹਾਂ ਲੋਕਾਂ ਨੇ ਇਹ ਭਿਆਨਕ ਸਾਕਾ ਵੇਖਿਆ ਜਾਂ ਸੁਣਿਆ ਉਹਨਾਂ ਅੰਦਰ ਸਿੱਖ ਧਰਮ ਪ੍ਰਤੀ ਦ੍ਰਿੜ੍ਹਤਾ ਦੇ ਪਿਆਰ ਹੋਰ ਵਧਿਆ। ਲੋਕਾਂ ਨੇ ਮਹਿਸੂਸ ਕੀਤਾ ਕਿ ਸਿੱਖ ਧਰਮ ਹੀ ਇਕ ਮਹਾਨ ਧਰਮ ਹੈ, ਜੋ ਅਸਲੀ ਜੀਵਨ ਜਾਚ ਸਿਖਾਉਂਦਾ ਹੈ। ਸਿੱਖੀ ਨਾਲ ਮਨੁੱਖ ਦੀ ਆਤਮਾ ਇਤਨੀ ਬਲਵਾਨ ਹੋ ਜਾਂਦੀ ਹੈ ਕਿ ਮੌਤ ਉਸ ਨੂੰ ਡਰਾ ਨਹੀਂ ਸਕਦੀ।

## ਭਾਈ ਦਿਆਲਾ ਜੀ

ਜਦ ਗੁਰੂ ਤੇਗ਼ ਬਹਾਦਰ ਸਾਹਿਬ ਜੀ ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਮਜ਼ਲੂਮਾਂ ਦੀ ਰੱਖਿਆ ਕਰਨ ਦੀ ਖ਼ਾਤਰ ਸ਼ਹੀਦੀ ਪ੍ਰਾਪਤ ਕਰਨ ਲਈ ਦਿੱਲੀ ਗਏ ਤਾਂ ਆਪ ਜੀ ਦੇ ਨਾਲ ਛੇ ਚੋਣਵੇਂ ਸਿੱਖਾਂ ਵਿਚ ਭਾਈ ਦਿਆਲਾ ਜੀ ਵੀ ਸਨ।

ਭਾਈ ਦਿਆਲਾ ਜੀ ਨੂੰ ਗੁਰੂ ਜੀ ਦੇ ਨਾਲ ਹੀ ਜੇਲ੍ਹ ਵਿਚ ਬੰਦ ਕੀਤਾ ਗਿਆ। ਉਹ ਬ੍ਰਹਮ ਗਿਆਨੀ ਤੇ ਪੂਰਨ ਸਿੱਖ ਸਨ। ਦਿੱਲੀ ਦੇ ਮੁਸਲਮਾਨ ਹਾਕਮਾਂ ਨੇ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ। ਫਿਰ ਉਹਨਾਂ ਭਾਈ ਦਿਆਲਾ ਜੀ ਨੂੰ ਪਾਣੀ ਦੀ ਦੇਗ ਵਿਚ ਬਿਠਾਇਆ ਅਤੇ ਹੇਠਾਂ ਅੱਗ ਬਾਲ ਦਿੱਤੀ। ਇਸ ਤਰ੍ਹਾਂ ਉਬਲਦੇ ਪਾਣੀ ਵਿਚ ਉਬਾਲ ਕੇ ਭਾਈ ਦਿਆਲਾ ਜੀ ਨੂੰ ਸ਼ਹੀਦ ਕੀਤਾ ਗਿਆ। ਇਸ ਧਰਮਬੀਰ ਨੇ ਇਸ ਅੰਤ ਦੇ ਸਰੀਰਕ ਦੁੱਖ ਨੂੰ ਤੁਛ ਕੇ ਜਾਣਿਆਂ ਅਤੇ ਗੁਰਬਾਣੀ ਦਾ ਪਾਠ ਕਰਦਾ ਕਰਦਾ ਗੁਰਪੁਰੀ ਨੂੰ ਸਿਧਾਰ ਗਿਆ।

ਭਾਈ ਦਿਆਲਾ ਜੀ ਉਨ੍ਹਾਂ ਤਿੰਨ ਸਿਦਕਵਾਨ ਸਿੱਖਾਂ ਵਿਚੋਂ ਹਨ ਜਿਨ੍ਹਾਂ ਨੂੰ ਗੁਰੂ ਤੇਗ਼ ਬਹਾਦਰ ਜੀ ਨਾਲ ਸ਼ਹੀਦ ਕਰ ਦਿੱਤਾ ਗਿਆ। ਆਪ ਨੂੰ ਗੁਰੂ ਤੇਗ਼ ਬਹਾਦਰ ਜੀ ਤੋਂ ਇਕ ਦਿਨ ਪਹਿਲਾਂ 10 ਨਵੰਬਰ 1675 ਵਾਲੇ ਦਿਨ ਸ਼ਹੀਦ ਗਿਆ। ਭਾਈ ਦਿਆਲਾ ਜੀ ਅੰਤਲੇ ਸੁਆਸਾਂ ਤੱਕ 'ਜਪੁ ਜੀ' ਸਾਹਿਬ ਦਾ ਪਾਠ ਕਰ ਰਹੇ ਸਨ।

ਆਪਜੀ ਦਾ ਜਨਮ ਪਿੰਡ ਮਨੀਪੁਰ, ਜ਼ਿਲ੍ਹਾ ਮੁੱਜ਼ਫਰਗੜ੍ਹ ਵਿਖੇ ਭਾਈ ਮਾਈ ਦਾਸ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੀ ਮਾਤਾ ਦਾ ਨਾਮ ਮਧੁਰੀ ਬਾਈ ਜੀ ਸੀ। ਆਪ ਜੀ ਦੇ ਹੋਰ 11 ਭਰਾ ਸਨ, ਜਿਨ੍ਹਾਂ ਵਿਚੋਂ ਕੇਵਲ ਅਮਰ ਚੰਦ ਨੂੰ ਛੱਡ ਕੇ ਬਾਕੀ ਸਾਰੇ ਸਿੱਖ ਧਰਮ ਲਈ ਸ਼ਹੀਦ ਹੋਏ। ਭਾਈ ਦਿਆਲਾ ਜੀ ਸ਼ਹੀਦ ਭਾਈ ਮਨੀ ਸਿੰਘ ਦੇ ਵੱਡੇ ਭਰਾ ਸਨ।

ਜਦੋਂ ਗੁਰੂ ਤੇਗ਼ ਬਹਾਦਰ ਜੀ ਗੁਰ-ਗੱਦੀ 'ਤੇ ਬੈਠਣ ਮਗਰੋਂ ਪੂਰਬ ਵਾਲੇ ਪਾਸੇ ਪ੍ਰਚਾਰ ਦੌਰੇ 'ਤੇ ਨਿਕਲੇ ਤਾਂ ਭਾਈ ਦਿਆਲਾ ਜੀ ਆਪ ਦੇ ਨਾਲ ਸਨ। ਪਟਨਾ ਸਾਹਿਬ ਪਹੁੰਚ ਕੇ ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਪ੍ਰਵਾਰ ਨੂੰ ਇਥੇ ਹੀ ਰਹਿਣ ਦਾ ਹੁਕਮ ਦਿੱਤਾ ਤੇ ਆਸਾਮ ਲਈ ਅੱਗੇ ਚਲ ਪਏ। ਪਟਨੇ ਸਾਹਿਬ ਵਿਖੇ ਗੁਰੂ-ਪ੍ਰਵਾਰ ਦੀ ਸੇਵਾ ਦੀ ਜ਼ਿੰਮੇਵਾਰੀ ਆਪ ਜੀ ਨੂੰ ਹੀ ਸੌਂਪੀ ਗਈ। ਆਪ ਨਾਮ-ਬਾਣੀ ਦੇ ਰਸੀਏ, ਪੱਕੇ ਇਰਾਦੇ ਵਾਲੇ ਗੁਰਸਿੱਖ ਨੇਕ ਤੇ ਈਮਾਨਦਾਰ ਮਹਾਂਪੁਰਸ਼ ਸਨ। ਗੁਰੂ ਤੇਗ਼ ਬਹਾਦਰ ਜੀ ਆਪ ਦੀ ਬੜੀ ਕਦਰ ਕਰਿਆ ਕਦਰੇ ਸਨ। ਇਸ ਗੱਲ ਦਾ ਸਬੂਤ ਗੁਰੂ ਤੇਗ਼ ਬਹਾਦਰ ਜੀ ਦੁਆਰਾ ਲਿਖੇ ਗਏ ਹੁਕਮਨਾਮਿਆਂ ਤੋਂ ਵੀ ਮਿਲਦਾ ਹੈ।

ਔਰੰਗਜ਼ੇਬ ਨੇ ਉੱਤਰੀ ਭਾਰਤ ਵਿਚ ਸਖ਼ਤੀ ਦੀ ਦੌਰ-ਦੌਰਾ ਸ਼ੁਰੂ ਕੀਤਾ ਤੇ ਜ਼ਬਰਦਸਤੀ ਲੋਕਾਂ ਨੂੰ


www.AKJ.Org

ਇਸਲਾਮ ਦੇ ਦਾਇਰੇ ਵਿਚ ਲਿਆਂਦਾ ਜਾਣ ਲੱਗ ਪਿਆ। ਇਹੋ ਜਿਹੇ ਸਮੇਂ ਵਿਚ, ਲੋੜ ਸੀ ਕਿ ਕੋਈ ਇਨ੍ਹਾਂ ਜ਼ਾਲਮਾਂ ਦਾ ਟਾਕਰਾ ਕਰ ਕੇ ਲੋਕਾਂ ਨੂੰ ਧੀਰਜ ਦੇ ਸਕੇ ਤੇ ਮਜ਼ਲੂਮਾਂ ਦੀ ਬਾਂਹ ਪਕੜ ਸਕੇ- ਸੋ ਗੁਰੂ ਤੇਗ਼ ਬਹਾਦਰ ਜੀ ਆਪਣਾ ਆਸਾਮ ਦਾ ਦੌਰਾ ਜਲਦੀ-ਜਲਦੀ ਮੁਕਾ ਦੇ ਪੰਜਾਬ ਪਹੁੰਚ ਗਏ। ਉਹਨਾਂ ਭਾਈ ਦਿਆਲਾ ਜੀ ਨੂੰ ਹੁਕਮ ਭੇਜ ਦਿੱਤਾ ਕਿ ਉਹ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ) ਤੇ ਗੁਰੂ-ਪ੍ਰਵਾਰ ਨੂੰ ਨਾਲ ਲੈ ਕੇ ਆਨੰਦਪੁਰ ਸਾਹਿਬ ਪਹੁੰਚ ਜਾਣ। ਗੁਰੂ ਤੇਗ਼ ਬਹਾਦਰ ਜੀ ਦਾ ਉਪਦੇਸ਼ ਸੀ ਕਿ ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ਭਾਵ ਅਸੀਂ ਕਿਸੇ ਨੂੰ ਭੈ ਦਿੰਦੇ ਨਹੀਂ ਤੇ ਨਾ ਹੀ ਕਿਸੇ ਦਾ ਭੈ ਮੰਨਣ ਲਈ ਤਿਆਰ ਹਾਂ।

ਪੰਜਾਬ ਪਹੁੰਚ ਕੇ ਗੁਰੂ ਤੇਗ਼ ਬਹਾਦਰ ਜੀ ਨੇ ਪਿੰਡ-ਪਿੰਡ ਫਿਰ ਕੇ ਲੋਕਾਂ ਨੂੰ ਹੌਂਸਲਾ ਦਿੱਤਾ ਤੇ ਜ਼ੁਲਮ ਵਿਰੁੱਧ ਡੱਟ ਜਾਣ ਦੀ ਪ੍ਰੇਰਨਾ ਦਿੱਤੀ। ਜਦੋਂ ਆਪ ਜੀ ਦੇ ਦਰਬਾਰ ਵਿਚ ਕਸ਼ਮੀਰੀ ਪੰਡਤ ਪਹੁੰਚੇ ਤਾ ਆਪ ਨੇ ਉਹਨਾਂ ਨੂੰ ਵੀ ਕਿਹਾ ਕਿ ਕਾਇਰ ਬਣਨ ਦੀ ਲੋੜ ਨਹੀਂ, ਬਲਵਾਨ ਬਣੋ ਤੇ ਮੌਤ ਦਾ ਭੈ ਤਿਆਗ ਕੇ ਆਪਣੇ ਹੱਕਾਂ ਦੀ ਰਾਖੀ ਕਰੋ।

ਜਦੋਂ ਔਰੰਗਜ਼ੇਬ ਦੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਨਾਉਣ ਦੇ ਸਾਰੇ ਜਤਨ ਫੇਲ੍ਹ ਹੋ ਗਏ ਤਾਂ ਉਹਨਾਂ ਨੇ ਗੁਰੂ ਤੇਗ਼ ਬਹਾਦਰ ਜੀ ਨਾਲ ਗ੍ਰਿਫਤਾਰ ਕੀਤੇ ਗਏ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰਨਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ ਤੇ ਫਿਰ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਜਿਉਂਦੇ ਹੀ ਸਾੜ ਕੇ ਰਾਖ ਕਰ ਦਿੱਤਾ। ਭਾਈ ਦਿਆਲਾ ਜੀ ਨੂੰ ਉਬਲਦੀ ਦੇਗ਼ ਵਿਚ ਬਿਠਾ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ ਗਿਆ। ਭਾਈ ਦਿਆਲਾ ਜੀ ਅੰਤਮ ਸੁਆਸਾਂ ਤੱਕ ਗੁਰਬਾਣੀ ਦਾ ਪਾਠ ਕਰਦੇ ਰਹੇ। ਆਪ ਹੱਸਦੇ-ਹੱਸਦੇ ਸ਼ਹੀਦ ਹੋ ਗਏ ਪਰ ਸਿੱਖੀ ਨੂੰ ਲਾਜ ਨਹੀਂ ਲੱਗਣ ਦਿੱਤੀ।

*ਸਿਖਿਆ :* ਸਿੱਖ ਆਪਣਾ ਸਰੀਰ ਆਰੇ ਨਾਲ ਦੋ-ਫਾੜ ਤਾਂ ਕਰਵਾ ਸਕਦਾ ਹੈ ਹੋਰ ਹਰ ਤਰ੍ਹਾਂ ਦੇ ਤਸੀਹੇ ਤਾਂ ਝੱਲ ਸਕਦਾ ਹੈ ਪਰ ਗੁਰੂ ਨਾਲੋਂ ਆਪਣਾ ਸਬੰਧ ਨਹੀਂ ਤੋੜ ਸਕਦਾ। ਸਿੱਖੀ ਦੀ ਖਾਤਰ ਜਿੰਦ ਵਾਰ ਕੇ ਵੀ ਸਿੱਖ ਗਾਉਂਦਾ ਹੈ, 'ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ।'

---

(ਪੰਨਾ ੨੪ ਦਾ ਬਾਕੀ ..)

ਆਉ ਵਿਚਾਰੀਏ ਗੁਰੂ ਦੇ ਸਿੱਖ ਅਖਵਾਉਣ ਵਾਲੇ ਅਸੀਂ ਗੁਰੂ ਸਾਹਿਬਾਨ ਦੁਆਰਾ ਵਰਜਿਤ ਸੂਰਾਂ – ਵਾਲੇ ਕੰਮ ਤਾਂ ਨਹੀ ਕਰ ਰਹੇ। ਜੇਕਰ ਅਸੀਂ ਵੀ ਪਰ ਧਨ ਦਾ ਲੋਭ ਰਖਦੇ ਹਾਂ ਦੂਜਿਆਂ ਦੇ ਕੰਮਾਂ ਵਿਚ ਰੋੜੇ ਅਟਕਾਂਦੇ ਹਾਂ,ਤ੍ਰਿਸ਼ਨਾ ਦੇ ਅਧੀਨ ਹੋਰ ਹੋਰ ਮਾਇਆ ਦੇ ਚੱਕਰ ਵਿਚ ਪਏ ਹਾਂ ਤਾਂ ਨਿਸ਼ਚੇ ਹੀ ਰਤਨ ਜਨਮ ਨੂੰ ਗਵਾ ਰਹੇ ਹਾਂ--

''ਸੁਆਦ ਬਾਦ ਈਰਖ ਮਦ ਮਾਇਆ॥
ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥ (ਸੂਹੀ ਮਹਲਾ ੫, ਪੰਨਾ ੭੪੧)

---

(ਕਰਮ ਫਿਲਾਸਫੀ)..... ਪੰਨਾ ੩੮ ਦਾ ਬਾਕੀ .......

ਜੋ ਨਾਮ ਦਿੰਦਾ ਹੈ। ਤ੍ਰੈਗੁਣ ਸਾਧੀ ਕਰਮ ਰੂਪੀ ਭੂਮੀ ਵਿਚਿ ਬੀਜ ਬੀਜੇ ਹੋਏ ਤ੍ਰੈਗੁਣ ਮਾਇਆ ਧਾਤ ਵਾਲੇ ਫਲ ਹੀ ਦਿੰਦੇ ਹਨ, ਨਾਮ ਵਾਂਗੂ ਕਲਿਆਣਕਾਰੀ ਫਲ-ਦਾਤੇ ਨਹੀਂ। ਇਹ ਨਾਮ ਹੀ ਹੈ ਜੋ ਸਾਰੇ ਜੁਗਾਂ ਵਿਚਿ ਬੀਜਿਆ ਸਫਲ ਫਲਦਾ ਹੈ। ਓਹੀ ਕਲਿਆਣਕਾਰੀ ਫਲ ਦਿੰਦਾ ਹੈ, ਜੋ ਕਲਜੁਗ ਅੰਦਰਿ ਦਿੰਦਾ ਹੈ। ਕਲਜੁਗ ਤਾਂ ਸਾਰੇ ਜੁਗਾ ਦੇ ਕਰਮਾਂ ਨੂੰ ਸਫਲਾਉਣ ਜੋਗ ਹੈ, ਕਿਉਂਕਿ ਚੌਹਾਂ ਜੁਗਾਂ ਦਾ ਨਿਬੇੜਾ ਏਸੇ ਜੁਗ ਵਿਚਿ ਹੁੰਦਾ ਹੈ। ਸਾਰੇ ਜੁਗਾਂ ਦੇ ਕਰਮਾਂ ਸਿਰਿ ਪਰਧਾਨ ਕਰਮ ਹੈ ਗੁਰਮਤਿ ਨਾਮ ਅਭਿਆਸ, ਜੋ ਹੋਰਨਾਂ ਜੁਗਾਂ ਵਿਚਿ ਕੀਤੇ ਕਰਮਾਂ ਦਾ ਅੰਤਿ ਸਚ ਨਿਬੇੜਾ ਕਰਦਾ ਹੈ। ਅਸਾਡੇ ਸਾਰੇ ਕਰਮਾਂ ਨੂੰ ਜੋਤਿ ਸੁਧਰਨੀ ਕਲਾ ਦੁਆਰਾ ਸੋਧਦਾ ਹੈ।



www.AKJ.Org

# ਏਕੰਕਾਰ ਦੀ ਸਿੱਖੀ ਉਤੋਂ ਗਏ ਜੋ ਵਾਰੇ ਵਾਰੇ ਨੇ

(ਸ੍ਰ: ਕੰਵਰ ਜੀਤ ਸਿੰਘ 'ਆਜ਼ਾਦ' ਦਿੱਲੀ)

ਦਸਣਾ ਵੀਰੋ ਦਸਣਾ ਭੈਣੋ, ਕੌਣ ਅਸਾਂ ਨੂੰ ਪਿਆਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ

ਕਿਨ ਬਹਿ ਤਤੀਆ ਤਵੀਆ ਤੇ, ਭਾਣਾ ਮੰਨਣ ਸਿਖਾਇਆ ਸੀ,
ਦੇਗ ਉਬਾਲੇ ਖਾ ਕੇ ਕਿਸ ਨੇ, ਗੀਤ ਸ਼ੁਕਰ ਦਾ ਗਾਇਆ ਸੀ।
ਗੁਰੂ ਅਰਜਨ ਜੀ ਭਾਣਾ ਮੰਨ ਕੇ, ਕੌਤਕ ਕੀਤੇ ਨਿਆਰੇ ਨੇ।
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।

ਸਿਖ ਸਤਿਗੁਰ ਦਾ ਕੌਣ ਪਿਆਰਾ, ਆਪਾ ਜਿਸ ਚਿਰਵਾਇਆ ਸੀ।
ਜਪੁਜੀ ਜਪਦਿਆ ਮੁਖ ਤੇ ਜਿਸ, ਦੁਫਾੜਾ ਹੋ ਵਿਖਾਇਆ ਸੀ।
ਮਤੀਦਾਸ ਹੈ ਨਾਉ ਉਨ੍ਹਾਂ ਦਾ, ਸਿਖ ਉਨਾਂ ਤੋਂ ਬਲਿਹਾਰੇ ਨੇ।
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।

ਕੌਤਕ ਐਸਾ ਕਿਸ ਨੇ ਕੀਤਾ, ਕਰ ਨ ਕੋਈ ਪਾਇਆ ਸੀ।
ਰੂੰ ਲਪੇਟ ਕੇ ਤਨ ਦੇ ਉਤੇ, ਹਸ ਹਸ ਸੜ ਕੇ ਵਿਖਾਇਆ ਸੀ।
ਸਤੀਦਾਸ ਜੀ ਹੋ ਗਏ ਸਤੀ, ਗੁਰ ਸਿਖਾਂ ਨੂੰ ਪਿਆਰੇ ਨੇ।
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।

ਸਿਖੀ ਸਿਖ ਨੂੰ ਕਿਤਨੀ ਪਿਆਰੀ, ਕਿਸ ਨੇ ਇਹ ਦਰਸਾਇਆ ਸੀ
ਦੇਗ ਉਬਾਲੇ ਖਾ ਕੇ ਕਿਸ ਨੇ, ਅਪਣਾ ਧਰਮ ਨਿਭਾਇਆ ਸੀ।
ਭਾਈ ਦਿਆਲਾ ਖਾ ਕੇ ਉਬਾਲੇ, ਜ਼ਾਲਮ ਇੰਝ ਫਟਕਾਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।

ਧਰਮ ਆਜ਼ਾਦੀ ਬਖਸ਼ਿਸ਼ ਕਿਸ ਦੀ, ਕੀ ਉਸ ਕਰ ਕੇ ਵਿਖਾਇਆ ਸੀ।
ਜੈ ਜੈ ਕਾਰ ਸੁਰਾਂ ਨੇ ਕੀਤੀ, ਸੋਗ ਇਸ ਜਗ ਤੇ ਛਾਇਆ ਸੀ
(ਗੁਰੂ)ਤੇਗ ਬਹਾਦਰ ਹਿੰਦ ਦੀ ਚਾਦਰ, ਧਰਮ ਹੇਤ ਕੀਏ ਕਾਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।

ਕਿਸ ਦਾਤੇ ਨੇ ਕਦ ਕਿਸ ਖਾਤਰ ਕੌਤਕ ਕੀ ਵਰਤਾਇਆ ਸੀ
ਮਿਲੇ ਨ ਜਗ ਵਿਚ ਜਿਸ ਦਾ ਸਾਨੀ, ਉਚਤਮ ਰੁਤਬਾ ਪਾਇਆ ਸੀ
ਦੇਸ ਧਰਮ ਹਿਤ ਕਲਗੀਧਰ ਜੀ, ਤਾਂ ਤਾਤ ਮਾਤ ਸੁਤ ਵਾਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।

ਨੀਹਾਂ ਵਿਚ ਜੋ ਚਿਣੇ ਗਏ ਸੀ, ਤਲਵਾਰਾਂ ਦੀ ਛਾਵੇਂ ਸੋਇ
ਤਕ ਕੁਰਬਾਨੀ ਜਿਨ੍ਹਾਂ ਬਚਿਆਂ ਦੀ, ਧਰਤੀ ਅੰਬਰ ਸਾਰੇ ਰੋਇ।
ਸਾਹਿਬਜ਼ਾਦੇ ਚਾਰ ਪਿਆਰੇ, ਕਲਗੀਧਰ ਦੇ ਦੁਲਾਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।

ਖਿਦਰਾਣੇ ਦੀ ਢਾਬ ਜਿਨ੍ਹਾਂ ਨੇ, ਗੁਰੂ ਤੋਂ ਆਪਾ ਘੋਲ ਘੁੰਮਾਇਆ
ਫਾੜ ਬਿਦਾਵਾ ਕਲਗੀਧਰ ਜੀ, ਕੰਠ ਜਿਨ੍ਹਾਂ ਆਪਣੇ ਲਾਇਆ।
ਮਰ ਕੇ ਚਾਲ੍ਹੀ ਮੁਕਤੇ ਹੋ ਗਏ, ਬਣ ਸਤਿਗੁਰ ਦੇ ਪਿਆਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।



www.AKJ.Org

ਸਿਖ ਸਤਿਗੁਰ ਦਾ ਕੌਣ ਪਿਆਰਾ, ਬਣ ਤੂਫ਼ਾਨ ਜੋ ਛਾਇਆ ਸੀ।
ਮੁਗ਼ਲ ਰਾਜ ਦੀ ਨੀਹਾਂ ਨੂੰ ਜਿਸ, ਪੂਰੀ ਤਰ੍ਹਾਂ ਹਿਲਾਇਆ ਸੀ।
ਬੰਦਾ ਉਹ ਗੁਰੂ ਕਲਗੀਧਰ ਦਾ, ਜ਼ਾਲਮ ਜਿਸ ਸੰਘਾਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।
ਖੋਪਰ ਲਥਿਆ ਉਫ ਨ ਕੀਤੀ, ਕਿਸੇ ਨੇ ਸਿਰ ਨ ਝੁਕਾਇਆ ਸੀ
ਬਿਨ ਕੇਸਾਂ ਦੇ ਜੀਵਨ ਨਾਲੋਂ, ਮਰ ਜਾਣਾ ਕਿਸ ਚਾਹਿਆ ਸੀ।
ਤਾਰੂ ਸਿੰਘ ਜੀ ਅਤਿ ਬਲਕਾਰੀ, ਲਗਦੇ ਅਸਾਂ ਨੂੰ ਪਿਆਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।
ਹਰਿਮੰਦਰ ਵਿਚ ਜਦ ਪਾਪੀ ਨੇ, ਪਾਪ ਦਾ ਖੇਡ ਰਚਾਇਆ ਸੀ।
ਸਿਰ ਵਢ ਉਸ ਦਾ ਚੜ੍ਹਕੇ ਚਰਖੀ, ਕਿਸ ਨੇ ਧਰਮ ਨਿਭਾਇਆ ਸੀ।
ਮਹਿਤਾਬ ਸਿੰਘ ਜੀ ਗੁਰ ਦੇ ਲਾਡੇ, ਸਾਡੇ ਵੀਰ ਪਿਆਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।
ਬੰਦ ਬੰਦ ਅਪਣਾ ਕਿਸ ਕਟਵਾ ਕੇ, ਪੰਥ ਦਾ ਮਾਣ ਵਧਾਇਆ ਸੀ।
ਖੰਡਿਓਂ ਤਿਖੀ ਵਾਲ ਤੋਂ ਨਿਕੀ, ਸਿਖੀ ਨੂੰ ਚਮਕਾਇਆ ਸੀ।
ਮਨੀ ਸਿੰਘ ਜੀ ਰਾਹ ਦਰਸਾਂਦੇ, ਬਣ ਚਾਨਣ ਦੇ ਮੁਨਾਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।
ਕੌਣ ਉਹ ਸੂਰਾ ਸੰਤ ਸਿਪਾਹੀ, ਖੰਡਾ ਜਿਸ ਖੜਕਾਇਆ ਸੀ
ਸੀਸ ਟਿਕਾ ਕੇ ਤਲੀ ਦੇ ਉਤੇ, ਜ਼ਾਲਮ ਦਿਲ ਦਹਿਲਾਇਆ ਸੀ
ਜਿਨ ਕੀਤਾ ਇਹ ਕੌਤਕ ਬਾਬਾ ਦੀਪ ਸਿੰਘ ਜੀ ਪਿਆਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।
ਕਿਨ ਭੈਣਾਂ ਲਰੇ ਸਿਰ ਮਿਲ ਕੇ, ਅਪਣੇ ਸੀਸ ਝੁਕਾਂਦੇ ਹਾਂ
ਜਿਨ੍ਹਾਂ ਦੀ ਕਰਨੀ ਬਦਲੇ ਅਜ, ਆਜ਼ਾਦੀ ਅਸੀਂ ਮਨਾਂਦੇ ਹਾਂ।
ਬਾਲ ਕੁਹਾ ਚਕੀਆ ਪੀਹ ਜਿਨ੍ਹਾਂ ਪੰਥ ਦੇ ਭਾਗ ਉਜਿਆਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।
ਖੜ ਤੋਪਾਂ ਸਾਹਵੇਂ ਉਡ ਗਏ, ਲਟਕ ਜੰਡਾਂ ਦੇ ਨਾਲ ਸੜੇ
ਫਾਸੀਆਂ ਚੜ੍ਹ ਗਏ ਜਿਹਲੀਂ ਸੜ ਗਏ, ਕਾਲੇ ਪਾਣੀ ਧਰਤਿ ਮੜ੍ਹੇ
ਗਲ ਵਿਚ ਟਾਇਰ ਪਾ ਕੇ ਸੜ ਗਏ, ਪੰਥ ਦੇ ਰਾਜ ਦੁਲਾਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ।
ਨਮਸਕਾਰ ਹੈ ਇਨ੍ਹਾਂ ਨੂੰ ਸਾਡੀ ਕੌਣ ਸਾਡੇ ਰਖਵਾਲੇ ਬਣੇ।
ਗੁਰੂ ਖਾਤਰ ਜਿਨ ਮਰਨਾ ਮੰਨਿਆ, ਗੁਰ ਦੇ ਜੋ ਮਤਵਾਲੇ ਬਣੇ।
ਧਰਮ ਰਾਏ ਨੂੰ ਲੇਖਾ ਦੇਵਣ ਲੈ ਗਏ ਮੁਖ ਉਜਿਆਰੇ ਨੇ
ਏਕੰਕਾਰ ਦੀ ਸਿਖੀ ਉਤੋਂ, ਗਏ ਜੋ ਵਾਰੇ ਵਾਰੇ ਨੇ। ■■


(ਸੂਰਾ ਪੱਤਰ ਹਰ ਮਹੀਨੇ ਬਗੈਰ ਭੇਟਾ ਦੇ ਪ੍ਰਾਪਤ ਕਰੋ

ਸੂਰਾ ਪੱਤਰ ਹਰ ਮਹੀਨੇ ਆਪਣੇ ਘਰ ਮੰਗਵਾਉਣ ਦੇ ਚਾਹਵਾਨ, ਲੋੜਵੰਦ ਸੱਜਣ ਹੇਠਾਂ ਦਿੱਤੇ ਪਤੇ ਤੇ ਆਪਣਾ ਸਿਰਨਾਵਾਂ ਭੇਜ ਦੇਣ। ਉਨ੍ਹਾਂ ਨੂੰ ਬਿਨ੍ਹਾਂ ਕਿਸੇ ਚੰਦੇ ਦੇ 'ਸੂਰਾ' ਹਰ ਮਹੀਨੇ ਭੇਜਿਆ ਜਾਏਗਾ।

**DIAMOND COPY HOUSE SCF---5 Sec 27-D CHANDIGARH TEL..656614/ 656429/ 653906**
**H.O.136--140/7 INDL. AREA CHANDIGARH 655514/ 657503**
**FAX 0172--674063 MOBILE 98140--44587 PH. RESI.609218/ 647 167/ 674462**




www.AKJ.Org

# ਧੜਾ ਅਤੇ ਧਰਮ

(ਗਿ: ਊਧਮ ਸਿੰਘ)

ਧੜਾ ਤੇ ਧਰਮ ਸਮਾਜਕ ਜੀਵਨ ਦੇ ਦੋ ਪੱਖ ਹਨ, ਧਰਮ ਦੇ ਵਿਸ਼ਵਾਸ਼ੀ ਧੜੇ ਬਾਜ਼ ਨਹੀਂ ਬਣ ਸਕਦੇ, ਤੇ ਧੜੇ ਦੇ ਵਿਸ਼ਵਾਸ਼ੀ ਧਰਮਵਾਨ।

ਧਰਮ ਮਨੁੱਖੀ ਜੀਵਨ ਨੂੰ ਸਾਂਵਾਂ ਸੁਖਾਂਵਾ ਤੇ ਸ਼ਾਂਤ ਮਈ ਰੱਖਣ ਦਾ ਅਨਮੋਲ ਸਾਧਨ ਹੈ, ਧੜਾ ਦੁਖ, ਪਰੇਸ਼ਾਨੀ ਅਥਵਾ ਵੈਰ ਵਿਰੋਧਦਾ।

ਧੜੇ ਬੰਦੀ ਕਰਨ ਵਾਲੇ ਲੋਕ ਸੌ ਫ਼ੀ ਸਦੀ ਝੂਠੇ ਹੋਂਦੇ ਹਨ, ਸੱਚੇ ਤਾਂ ਨਾਂ ਝੂਠਿਆਂ ਦੇ ਧੜੇ ਵਿੱਚ ਰਲਦੇ ਹਨ, ਤੇ ਨਾਂ ਸੱਚਿਆਂ ਦਾ ਸਾਥ ਛੱਡਦੇ ਹਨ।

ਜਿਵੇਂ ਧਰਮ ਵਾਨ ਪੁਰਸ਼ ਨੇਕੀ ਸੁਹਿਰਦਤਾ ਤੇ ਸਮਦ੍ਰਿਸ਼ਟੀ ਦਾ ਤਿਆਗ ਨਹੀਂ ਕਰ ਸਕਦਾ, ਇਸੇ ਤਰਾਂ ਧੜੇ ਬਾਜ਼ ਬਦੀ,ਝੂਠ ਅਤੇ ਦ੍ਵੈਸ਼ ਦਾ।

ਧੜੇ ਬਾਜ਼ੀ ਦੁਨੀਆਂ ਦੇ ਵਿੱਚ ਵੈਰ ਵਿਰੋਧ, ਮਾਰ ਧਾੜ ਅਤੇ ਅਸ਼ਾਂਤੀ ਪੈਦਾ ਕਰਦੀ ਹੈ ਪਰ ਧਰਮ ਭਾਵਨਾ ਸਾਂਝੀ ਵਾਲਤਾ ਏਕਤਾ ਅਤੇ ਪਿਆਰ।

ਸਿੱਖ ਆਗੂਆਂ ਵਰਗਾ ਹੱਠ ਤੇ ਸਿਰੜ ਦੁਨੀਆਂ ਦੀ ਕਿਸੇ ਕੌਮ ਵਿੱਚ ਨਹੀਂ ਮਿਲਦਾ, ਕੇ ਮਰ ਮਿੱਟ ਜਾਂਵਾਂਗੇ ਪਰ ਆਪੋ ਵਿੱਚ ਏਕਤਾ ਨਹੀਂ ਕਰਾਂਗੇ।

ਭਿਆਨਕ ਤੋਂ ਭਿਆਨਕ ਦਸ਼ਾ ਵਿਆਪਨ ਤੇ ਵੀ ਜੇਹੜੇ ਸਿੱਖ ਧੜੇ ਨੂੰ ਛੱਡ ਕੇ ਧਰਮ ਨਾਲ ਨਹੀਂ ਜੁੜੇ, ਉਹ ਨਾਂ ਕੌਮ ਦੇ ਹਿੱਤੂ ਹਨ ਨਾ ਦੇਸ਼ ਦੇ।

ਤਿਆਗ ਅਤੇ ਪ੍ਰੇਮ ਪਿਆਰ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਪੈਰੋਕਾਰ ਸਿੱਖਾਂ ਨੂੰ ਧੜੇ ਬੰਦੀ ਵਿੱਚ ਪੈ ਕੇ ਗੁਰੂ ਦੇ ਨਾਂ ਦੇ ਨਾਂ ਨੂੰ ਲਾਜ ਨਹੀਂ ਲਾਉਣੀ ਚਾਹੀਦੀ।

ਸਿੱਖ ਪੰਥ ਦੇ ਦਰਦੀ ਗੁਰ ਸਿੱਖਾਂ ਨੂੰ ਅਪਣੇ ਪ੍ਰਾਣਾਂ ਦਾ ਬਲੀਦਾਨ ਪ੍ਰਵਾਨ ਕਰਨਾ ਚਾਹੀਦਾ ਹੈ ਪਰ ਗੁਰਮਤਿ ਦਾ ਧੜਾ ਨਹੀਂ ਤਿਆਗਨਾ ਚਾਹੀਦਾ।

ਢਹਿੰਦੀ ਕਲਾ ਅਤੇ ਧੜੇਬੰਦੀ ਖ਼ਤਮ ਹੋ ਸਕਦੀ ਹੈ ਜੇ ਗੁਰਦੁਆਰਿਆਂ ਤੋਂ ਪ੍ਰਾਪਤ ਹੋਣ ਵਾਲੇ ਮਾਇਆ ਅਤੇ ਮਾਣ ਦੇ ਸਾਧਨ ਖ਼ਤਮ ਹੋ ਜਾਣ।

ਸਿੱਖਾਂ ਵਿੱਚ ਪਹਿਲੀ ਧੜੇ ਬੰਦੀ ਚੜ੍ਹਾਵੇ ਦੀ ਗੋਲਕ ਤੋਂ ਹੀ ਬੁਢਾ ਦਲ ਅਤੇ ਤਰਨਾ ਦਲ ਦੇ ਵਿੱਚ ਸ਼ੁਰੂ ਹੋਈ ਸੀ, ਜੋ ਘੁਣ ਵਾਂਗ ਕੌਮ ਨੂੰ ਖਾ ਰਹੀ ਹੈ।

ਸਿੱਖਾਂ ਵਿਚ ਕੌਮ ਦੀ ਅਗਵਾਈ ਲਈ ਜਦ ਤੱਕ ਸੱਚ ਨੂੰ ਕਸਵੱਟੀ ਮਿਥ ਕੇ ਧਰਮ ਤੋਂ ਧੜਾ ਨਖੇੜੇ ਨਹੀਂ ਜਾਂਦੇ ਕੌਮ ਦੀ ਉਨਤੀ ਅਸੰਭਵ ਹੈ।

ਨਿਰਪੱਖਤਾ ਇਹ ਹੈ ਕਿ ਵਿਰੋਧੀ ਧੜੇ ਦੇ ਵੀ ਸੱਚੇ ਤੇ ਨੇਕ ਬੰਦਿਆਂ ਨੂੰ ਅਪਣਾਇਆ ਜਾਵੇ, ਅਤੇ ਅਪਣੇ ਧੜੇ ਦੇ ਝੂਠਿਆਂ ਦਾ ਤਿਆਗ ਕੀਤਾ ਜਾਵੇ।

ਸਿੱਖ ਪੰਥ ਉਤੇ ਆਇ ਸਾਰੇ ਸੰਕਟ ਟਲ ਸਕਦੇ ਹਨ ਜੇ ਸਿਖ ਆਗੂਆਂ ਵਿੱਚ ਏਕਤਾ, ਤਿਆਗ, ਸੇਵਾ ਅਤੇ ਸਿੱਖੀ ਸਿੱਦਕ ਦੀ ਲਹਿਰ ਚੱਲ ਪਵੇ।

ਜਦ ਸਿੱਖ ਆਗੂ ਨਿੱਜੀ ਸੁਆਰਥ ਦੇ ਫ਼ਿਕਰ ਦੇ ਬਦਲੇ ਪੰਥਕ ਭਲਾਈ ਦੇ ਫ਼ਿਕਰ ਵਿੱਚ ਪੈ ਜਾਣਗੇ ਤਾਂ ਧੜੇ ਬੰਦੀ ਆਪ ਹੀ ਖ਼ਤਮ ਹੋ ਜਾਵੇਗੀ।

ਧੜੇ ਤੋਂ ਬਚਣ ਦ ਭਾਵ ਹੈ ਸ੍ਵਾਰਥੀ ਲੋਕਾਂ ਤੋਂ ਦੂਰੀ,ਧੜੇ ਵਿੱਚ ਰਹਿਣਾ ਹੀ ਪੈਂਦਾ ਹੈ, ਪਰ ਉਹ ਧੜਾ ਧਰਮ ਦਾ ਤੇ ਗੁਰਮਤਿ ਦਾ ਹੋਣਾ ਚਾਹੀਦਾ ਹੈ।

ਧੜੇ ਬਾਜ਼ ਅਤੇ ਸ੍ਵਾਰਥੀ ਲੋਕ ਆਪ ਤਾਂ ਮਨਮੁੱਖਤਾ ਦਾ ਦਾਗ਼ ਲੁਆ ਕੇ ਸੰਸਾਰ ਤੋਂ ਤੁਰ ਜਾਂਦੇ ਹਨ, ਪਰ ਕੌਮ ਨੂੰ ਮੁਸੀਬਤ ਵਿੱਚ ਪਾ ਜਾਂਦੇ ਹਨ।

ਸਿੱਖ ਰਾਜ ਤੋਂ ਲੈ ਕੇ ਅਜ ਤੱਕ ਸਿੱਖ ਕੌਮ ਦੀ ਜਿੱਤਨੀ ਬਰਬਾਦੀ ਹੋਈ ਹੈ, ਇਹ ਸਭ ਧੜੇ ਬਾਜ਼ ਲੋਕਾਂ ਦੀ ਫੁਟ ਦਾ ਤੇ ਆਪਾ ਧਾਪੀ ਦਾ ਹੀ ਨਤੀਜਾ ਹੈ।

ਇਉਂ ਲੱਗਦਾ ਹੈ ਕਿ ਧੜੇ ਬਾਜ਼ ਤੇ ਧਰਮ ਦੇ ਵੈਰੀਆਂ ਨੂੰ ਧਰਮ ਰਾਜ ਤੋਂ ਬਿਨਾ ਨਾ ਕੋਈ ਧੜਿਆਂ ਤੋਂ ਰੋਕ ਸਕਦਾ ਹੈ ਤੇ ਨਾ ਕਿਸੇ ਦੀ ਮੰਨਦੇ ਹਨ।



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਲੜੀ ਜੋੜਨ ਲਈ ਸੂਰਾ ਨਵੰਬਰ 2000 ਦੇਖੋ

ਕਿਛਹੂ ਕਾਜੁ ਨ ਕੀਓ ਜਾਨਿ॥ ਸੁਰਤਿ ਮਤਿ ਨਾਹੀ ਕਿਛੁ ਗਿਆਨਿ॥
ਜਾਪ ਤਾਪ ਸੀਲ ਨਹੀ ਧਰਮ॥ ਕਿਛੁ ਨ ਜਾਨਉ ਕੈਸਾ ਕਰਮ॥੧॥
ਠਾਕਰ ਪ੍ਰੀਤਮ ਪ੍ਰਭ ਮੇਰੇ॥
ਤੁਝ ਬਿਨ ਦੂਜਾ ਅਵਰੁ ਨ ਕੋਈ ਭੂਲਹ ਚੂਕਹ ਪ੍ਰਭ ਤੇਰੇ॥੧॥ ਰਹਾਉ॥
ਰਿਧਿ ਨ ਬੁਧਿ ਨ ਸਿਧਿ ਪ੍ਰਗਾਸ ॥ ਬਿਖੈ ਬਿਆਧਿ ਕੇ ਗਾਵ ਮਹਿ ਬਾਸੁ॥
ਕਰਣਹਾਰ ਮੇਰੇ ਪ੍ਰਭ ਏਕ ॥ ਨਾਮ ਤੇਰੇ ਕੀ ਮਨ ਮਹਿ ਟੇਕ॥੨॥
ਸੁਣਿ ਸੁਣਿ ਜੀਵਿਉ ਮਨਿ ਇਹ ਬਿਸ੍ਰਾਮ ॥ ਪਾਪ ਖੰਡਨ ਪ੍ਰਭ ਤੇਰੋ ਨਾਮੁ॥
ਤੂ ਅਗਨਤੁ ਜੀਅ ਕਾ ਦਾਤਾ ॥ ਜਿਸਹਿ ਜਣਾਵਹਿ ਤਿਨਿ ਤੂ ਜਾਤਾ॥੩॥
ਜੋ ਉਪਾਇਓ ਤਿਸੁ ਤੇਰੀ ਆਸ ॥ ਸਗਲ ਅਰਾਧਹਿ ਪ੍ਰਭ ਗੁਣਤਾਸ॥
ਨਾਨਕ ਦਾਸ ਤੇਰੈ ਕੁਰਬਾਣੁ ॥ ਬੇਅੰਤ ਸਾਹਿਬੁ ਮੇਰਾ ਮਿਹਰਬਾਣੁ॥੪॥
(੨੬॥੩੭॥(ਰਾਮਕਲੀ ਮ: ੫, ਪੰਨਾ ੮੯੪)

ਵਿਆਖਿਆ–ਗੁਰਮਤਿ ਗਿਆਨੀਆਂ ਗੁਰਮੁਖਿ ਨਾਮੁ–ਕਰਮ ਪਰਧਾਨੀਆਂ ਨੂੰ ਗੁਰਮਤਿ ਨਾਮ ਬਿਨਾਂ ਹੋਰ ਕਰਮ ਕਰਨ ਦਾ ਪਤਾ ਹੀ ਨਹੀਂ। ਆਨਮਤ ਕਰੰਮਨੀ ਹੋਰ ਕਾਜ (ਕਾਰਜ) ਕਿਛੂ ਭੀ ਓਹ ਨਹੀਂ ਕਰਦੇ। ਜਾਣ ਕੇ ਨਹੀਂ ਕਰਦੇ ਓਹਨਾਂ ਕੰਮਾਂ (ਕਰਮਾਂ) ਵਿਚਿ ਧਰਿਆ ਕੀ ਪਿਆ ਹੈ । ਨਾਮ ਅਭਿਆਸ ਰੂਪੀ ਕਰਮੁ ਕਰਨ ਦੀ ਰੁਚੀ ਹੀ ਨਹੀਂ ਉਪਜਦੀ। ਓਹਨਾਂ ਨੂੰ ਨਿਮਖ ਮਾਤ੍ਰ ਵੇਹਲ ਹੀ ਨਹੀਂ ਕਿ ਓਹ ਆਨ ਕਰਮਾਂ ਦੀ ਖਲਜਗਣ ਵਿਚਿ ਪੈਣ। ਹੋਰ ਕਰਮਾਂ ਦੇ ਕਰਨ ਵਿਚ ਓਹ ਆਪਣਾ ਕੀਮਤੀ ਸਮਾਂ ਫ਼ਜ਼ੂਲ ਗੰਵਾਉਣਾ ਹੀ ਸਮਝਦੇ ਹਨ। ਏਹਨਾਂ ਆਨਮਤ ਕਰਮਾਂ ਦੇ ਕਰਨ ਪ੍ਰਤੀ ਗੁਰਮੁਖ ਨਾਮ–ਕਰਮ ਪਰਧਾਨੀਆਂ ਦੀ ਸੁਰਤੀ, ਗੁਰਮਤਿ ਬਿਰਤੀ, ਗੁਰਮਤਿ ਗਿਆਨ–ਦ੍ਰਿਸ਼ਟੀ ਅੰਦਰ ਹੋਰ ਕਿਸੇ ਕਰਮ ਕਰਨ ਦਾ ਫੁਰਨਾ ਹੀ ਨਹੀਂ ਫੁਰਦਾ, ਬਿਨਾਂ ਪਰਧਾਨ ਗੁਰਮੁਖ ਨਾਮ ਕਰਮ ਦੇ। ਆਨਮਤਿ ਜਾਪ ਤਾਪ ਸੀਲ ਧਰਮ ਵਾਲੇ ਕਰਮਾਂ ਨੂੰ ਓਹ ਕਿਛੁ ਕਰਕੇ ਨਹੀਂ ਸਮਝਦੇ, ਸਗੋਂ ਨਿਮਰਤਾ ਨਾਲ ਇਹੀ ਆਖਦੇ ਹਨ ਕਿ ਸਾਡੇ ਵਿਚ ਇਹ ਸਹਸ ਸਿਆਣਪੀ ਸੁਰਤਾਂ ਮਤਾਂ ਗਿਆਨ–ਗੰਮਤਾਂ ਹੈ ਹੀ ਨਹੀਂ, ਨਾਹੀ ਸੰਚਾਰ ਆਚਾਰੀ ਸਿਆਨਿਆਂ ਵਾਲੀ ਸ਼ਰਾਫਤ ਦਿਖਾਵੇ ਦਾ ਕੁਝ ਮਨ ਚਾਉ ਹੀ ਹੈ। ਸਾਡੇ ਵਿਚ ਤਾਂ ਅਜਿਹੇ ਗੁਣ ਕਰਮ ਹੈ ਹੀ ਨਹੀ। ਅਸੀਂ ਤਾ ਮੂੜ੍ਹ ਮਤੀ ਇਆਣੇ ਹਾਂ। ਇਹ ਨਾਮ ਜਪਣਾ ਹੀ ਜਾਣਦੇ ਹਾਂ ਜੋ ਸਤਿਗੁਰੂ ਨੇ ਸਾਨੂੰ ਜਣਾਇਆ ਹੈ। ਸਾਨੂੰ ਤਾਂ ਇਕੋ ਨਾਮ ਜਪਣ ਦਾ ਹੀ ਚਾਉ ਉਮਾਹੁ ਹੈ। ਹੋਰ ਕੁਛ ਸਿਮਰਦੇ ਹੀ ਨਹੀਂ।

ਸਚਮੁਚ ਗੁਰਮੁਖ-ਨਾਮ ਪਰਧਾਨ-ਕਰੰਮੀਆਂ ਨੂੰ ਨਾਮ ਤੋਂ ਬਿਨਾਂ ਹੋਰ ਕੋਈ ਕਰਮ ਧਰਮ ਭਾਉਂਦਾ ਹੀ ਨਹੀਂ। ਇਸੇ ਕਰਕੇ ਉਹ ਨਿਮਖ ਨਿਮਖ ਨਾਮ ਜਪਦੇ ਹੋਏ ਨਾਲੋਂ ਨਾਲਿ ਨਿਮਰੀਭੂਤ ਹੋ ਕੇ ਏਹ ਭੀ ਬੇਨਤੀਆਂ ਅਲਾਉਂਦੇ ਹਨ, ਹੇ ਠਾਕੁਰ ਪ੍ਰੀਤਮ ਪ੍ਰਭ ਮੇਰੇ, ਤੁਧ ਬਿਨਾਂ ਤੇਰੇ ਨਾਮ ਬਿਨਾਂ ਸਾਨੂੰ ਹੋਰ ਧਿਆਨ ਕੰਮਾਂ ਕਾਜਾਂ ਕਰਨ ਦੇ ਗਿਆਨ ਸਫੁਰਨ ਹੀ ਨਹੀਂ ਹੁੰਦਾ। ਇਕੋ ਤੂੰਹੀ ਤੂੰਹੀ ਤੇਰਾ ਨਾਮ ਹੀ ਅਸਾਡੇ ਹੀਅਰੈ ਬਸੇ। ਹੋਰ ਕਰਮਾਂ ਦੇ ਕਰਨ ਵਲੋਂ ਜੇ ਅਸੀਂ ਖੁੰਝੇ ਹੋਏ ਹਾਂ, ਭੁੱਲ ਚੁਕੇ ਹੋਏ ਹਾਂ ਤਾਂ ਹੇ ਪ੍ਰਭੂ, ਫੇਰ ਭੀ ਅਸੀਂ ਤੇਰੇ ਹੀ ਹਾਂ। ਸੰਸਾਰਕ ਤ੍ਰੈਗੁਣੀ ਲਾਹਿਆ ਵਾਲੀ ਬੁਧੀ ਮਾਇਆ ਮੋਹ ਮਈ ਰਿਧੀ ਸਿੱਧੀ ਦੀ ਸਾਨੂੰ ਪ੍ਰਵਾਹ ਨਹੀਂ। ਰੰਚਕ ਭੀ ਰੁਚੀ ਨਹੀਂ ਕਿ ਰਿਧੀਆਂ ਸਿਧੀਆਂ ਨਿਧੀਆਂ ਵਾਲੀ ਬੁਧੀ ਪ੍ਰਗਾਸ ਹੋਵੇ। ਇਹੋ ਜਾਚਨਾਂ ਹੈ ਕਿ ਵਿਸ਼ਿਆਂ ਵਿਕਾਰਾਂ ਅਤੇ ਆਧੀਆਂ ਬਿਆਧੀਆਂ ਉਪਾਧੀਆਂ ਦੀ ਨਗਰੀ ਵਿਚਿ ਗ੍ਰਸੇ ਹੋਏ ਜੀਵਾਂ ਨੂੰ



www.AKJ.Org

ਹੱਥ ਦੇ ਕੇ ਕੱਢ ਲਵੋ। ਇਥੇ ਸਾਡਾ ਵਾਸ ਨਾ ਰਹੇ। ਇਕ ਤੇਰੇ ਨਾਮ ਵਿਚਿ ਹੀ ਨਿਵਾਸ ਰਹੇ। ਇਕ ਕਰਨਹਾਰ ਕਰਨ ਕਾਰਨ ਸਮਰੱਥ ਵਾਹਿਗੁਰੂ ਦੇ ਚਰਨਾਂ ਵਿਚਿ ਹੀ ਧਿਆਨ ਲਗਿਆ ਰਹੇ। ਵਾਹਿਗੁਰੂ ਦੇ ਇਕੋ ਨਾਮ ਦੀ ਹੀ ਇਕੋ ਟੇਕ ਬਣੀ ਰਹੇ। ਮਨ ਅੰਦਰਿ ਕੇਵਲ ਨਾਮ ਦਾ ਹੀ ਨਿਵਾਸ ਰਹੇ। ਇਹ ਮਨ ਸਹਜ ਬਿਸਰਾਮੀਏ ਨਾਮ ਨੂੰ ਹੀ ਨਾਮ ਦੀ ਮਹਿਮਾਂ ਨੂੰ ਸੁਣਿ ਸੁਣਿ ਕੇ ਜੀਵੇ ਅਤੇ ਜੀਂਵਦਾਂ ਹੀ ਰਹੇ। ਕਿਉਂਕਿ ਇਕੋ ਨਾਮ ਹੀ, ਹੇ ਵਾਹਿਗੁਰੂ, ਇਕੋ ਤੇਰਾ ਨਾਮ ਹੀ ਸਰਬ ਪਾਪਾਂ ਨੂੰ ਖੰਡਨਹਾਰਾਂ ਬਿਮੁੰਚਨਹਾਰਾਂ ਹੈ। ਇਹੋ ਸਰਬੋਤਮ ਕਰਮ ਹੀ ਸਭ ਕਰਮਾਂ ਤੋਂ ਭਲਾ ਹੈ। ਨਾਮ ਜਪਣ ਰੂਪੀ ਕਰਮ ਤੋਂ ਉਪਰਿ ਹੋਰ ਕੋਈ ਕਰਮ ਨਹੀਂ। ਇਹੀ ਪਰਧਾਨ ਕਰਮ ਹੈ। ਹੇ ਵਾਹਿਗੁਰੂ ਤੂੰ ਅਗਣਤ ਜੀਆਂ ਦਾ ਦਾਤਾ ਹੈਂ। ਪਰ ਇਸ ਭੇਦ ਵਾਲੀ ਗਲ ਨੂੰ ਕਿਸੇ ਵਡਭਾਗੇ ਜਨ ਨੇ ਹੀ ਜਾਣਿਆ ਹੈ, ਜਿਸ ਨੂੰ ਬਣਾਇਆ ਹੈ। ਜਿਸ ਨੂੰ ਤੂੰ ਜਣਾਵਹਿ ਸੋਈ ਜਾਣੇ। ਤੂੰ ਬੇਅੰਤ ਸਾਹਿਬ ਹੈਂ। ਬੜਾ ਹੀ ਮਿਹਰਬਾਨ ਹੈਂ। ਸਭਸ ਜੀਵਾਂ ਉਤੇ ਹੀ ਮਿਹਰਬਾਨ ਹੈਂ। ਕਿਉਂਕਿ ਓਹਨਾਂ ਨੂੰ ਤੂੰ ਹੀ ਪਾਲਦਾ ਹੈਂ। ਜੋ ਜੋ ਜੀਅ ਜੰਤ ਤੈਂ ਉਪਾਏ ਹਨ ਸਭਨਾਂ ਨੂੰ ਤੇਰੀ ਹੀ ਆਸ ਹੈ। ਸਭ ਦੀ ਤੂੰ ਪ੍ਰਤਿਪਾਲ ਕਰਦਾ ਹੈਂ। ਗੁਣਾਂ ਦੇ ਖਜ਼ਾਨੇ (ਤਾਸ) ਪ੍ਰਭੂ, ਸਭ ਤੈਨੂੰ ਹੀ ਯਾਚਨਾ ਕਰਦੇ ਹਨ। ਗੁਰੂ ਨਾਨਕ ਸਾਹਿਬ ਆਖਦੇ ਹਨ, ਹੇ ਵਾਹਿਗੁਰੂ, ਮੈਂ ਤੁਧ ਵਿਟਹੂੰ ਕੁਰਬਾਨ ਕੁਰਬਾਨ ਜਾਂਦਾ ਰਹਾਂ, ਬਿੰਦ ਬਿੰਦ ਚੁਖ ਚੁਖ ਹੋ ਕੇ ਤੇਰਾ ਨਾਮ ਜਪਦਾ ਰਹਾਂ। ਇਹੀ ਸੇਵਾ ਸਾਧਦਾ ਰਹਾਂ। ਇਹੀ ਕਰਮ ਕਮਾਉਂਦਾ ਰਹਾਂ।

ਅਨਿਕ ਕਰਮ ਕੀਏ ਬਹੁਤੇਰੇ॥ ਜੋ ਕੀਜੈ ਸੋ ਬੰਧਨੁ ਪੈਰੇ॥
ਕੁਰੁਤਾ ਬੀਜੁ ਬੀਜੈ ਨਹੀਂ ਸਭੁ ਲਾਹਾ ਮੂਲੁ ਗਵਾਇਦਾ॥੫॥
ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥
ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ॥੬॥

(ਮਾਰੂ ਸੋਹਲੇ ਮ: ੫, ਪੰਨਾ ੧੦੭੫-੭੬)

ਵਿਆਖਿਆ– ਆਨਮਤੀਆ ਬਥੇਰੇ ਆਨਮਤ ਕਰਮ ਕੀਤੇ। ਜਿਹੜੇ ਜਿਹੜੇ ਕਰਮ ਭੀ ਕੀਤੇ ਸੋ ਬੰਧਨ ਰੂਪ ਹੋ ਕੇ ਪੁਕਰੇ। ਜਿਵੇਂ ਪੈਰਾਂ ਵਿਚਿ ਬੇੜੀਆਂ ਪੈ ਜਾਂਦੀਆਂ ਹਨ ਤਿਵੇਂ ਨਾਮ ਤੋਂ ਹੋਰ ਸਭ ਕੁਝ ਆਨਮਤ ਕਰਮ ਬੰਧਨ ਹੋ ਕੇ ਚਿੰਬੜ ਜਾਂਦੇ ਕਰਮ ਕਰਨਹਾਰਿਆਂ ਨੂੰ। ਏਹਨਾਂ ਕਰਮਾਂ ਬੰਧਨਾਂ ਦੇ ਬੰਧੇ ਹੋਏ, ਪਏ ਨਾਨਾ ਪਰਕਾਰ ਦੀਆਂ ਜੂਨੀਆਂ ਵਿਚਿ ਭਰਮਦੇ ਫਿਰਦੇ ਹਨ। ਕਲਜੁਗਿ ਅੰਦਰਿ ਕੇਵਲ ਨਾਮ ਦਾ ਬੀਜ ਬੀਜਿਆ ਹੋਇਆ ਫਲੀਭੂਤ ਹੁੰਦਾ ਹੈ। ਹੋਰ ਕਰਮਾਂ ਰੂਪੀ ਬੀਜ ਬੋਇਆ ਸਭ ਕੁਰੁੱਤਾ ਹੈ। ਸੋ ਕੁਰੁੱਤਾ ਬੀਜ ਬੀਜਿਆਂ ਜੰਮਦਾ ਨਹੀਂ। ਕੁਰੁੱਤਾ ਬੀਜ ਬੀਜਣ ਵਾਲੇ ਲਾਹਾ ਤਾਂ ਕੀ ਹੋਣਾ ਸੀ, ਸਗੋਂ ਆਪਣਾ ਮੂਲ ਵੀ ਗਵਾ ਬਹਿੰਦਾ ਹੈ। ਕਲਜੁਗ ਅੰਦਰਿ ਕੀਰਤਨ, ਹਰੀ ਜਸ, ਸਿਫਤ ਸਾਲਾਹ ਦੀ ਪਰਧਾਨ ਕਰਮੁ ਹੈ। ਤਾਂਤੇ ਵਾਹਿਗੁਰੂ ਨੂੰ ਹੀ ਧਿਆਨ ਲਾ ਕੇ ਜਪਣਾ ਹੀ ਉਚਿਤ ਹੈ। ਵਾਹਿਗੁਰੂ ਦਾ ਨਾਮ-ਜਪੁ,ਨਾਮ ਅਭਿਆਸ ਹੀ ਕਲਜੁਗ ਅੰਦਰਿ ਪਰਧਾਨ ਕਰਮ ਹੈ, ਸਫਲ ਫਲਣ ਵਾਲਾ ਸਰਬੋਤਮ ਕਰਮ ਹੈ ਤੇ ਇਹ ਫਲ ਸਦਾ ਹੀ ਸਫਲਦਾ ਹੈ। ਪਰਧਾਨ ਕੀਰਤਨ ਵਾਲਾ, ਸਿਫਤਿ ਸਾਲਾਹ ਵਾਹਿਗੁਰੂ ਨਾਮ ਜਪਨਹਾਰਾ ਆਪਿ ਖੁਦ ਭੀ ਇਸ ਭਵ-ਸਾਗਰ ਤੋ ਤਰਜਾਂਦਾ ਹੈ ਅਤੇ ਸਾਰੀਆਂ ਆਪਣੀਆਂ ਕੁਲਾਂਨੂੰ ਭੀ ਤਾਰ ਲੈਂਦਾ ਹੈ। ਇਉਂ ਤਰ ਤਰ ਕੇ ਵਾਹਿਗੁਰੂ ਦੀ ਸੱਚੀ ਦਰਗਾਹ ਵਿਖੇ ਪਤਿ ਸੋਭਾ ਸਹਿਤ ਪੈਦਾ ਜਾਂਦਾ ਹੈ। 'ਗੁਰਮੁਖਿ' ਦਾ ਅਰਥ ਏਥੇ ਵਾਹਿਗੁਰੂ ਹੈ। ਮੁਖੀ ਗੁਰੂ, ਗੁਰਾਂ ਸਿਰਿ ਗੁਰੂ ਵਾਹਿਗੁਰੂ ਹੀ ਹੈ। ਗੁਰਮੁਖਿ ਦੇ ਅਰਥ ਏਥੇ ਗੁਰ ਉਪਦੇਸ ਜਾਂ ਗੁਰੂ ਦੁਆਰਾ ਨਹੀਂ ਫਬਦੇ, ਕਿਉਂ ਕਿ "ਜਪੀਐ ਲਾਇ ਧਿਆਨਾ" ਫ਼ੇਅਲ (ਕ੍ਰਿਆ) ਦਾ ਮਫ਼ਊਲ (ਕਰਮ) ਫੇਰ ਕੋਈ ਨਹੀਂ ਰਹਿੰਦਾ। ਜਪੀਐ ਤਾਂਕੀਜਪੀਐ ਅਤੇ 'ਗੁਰਮੁਖਿ ਏਥੇ ਮਫ਼ਊਲ (ਕਰਮ) ਹੈ ਅਤੇ ਵਾਹਿਗੁਰੂ ਦੇ ਅਰਥਾਂ ਵਿਚਿ ਹੈ। ਵਾਹਿਗੁਰੂ ਨੂੰ ਜਪੀਐ ਧਿਆਨ ਲਾਇ ਕੈ। ਕੁਰੁੱਤੇ ਬੀਜ ਤੋਂ ਇਹ ਸ਼ੰਕਾ ਉਪਜ ਸਕਦਾ ਹੈ ਕਿ ਜੇ ਇਹੋ ਬੀਜ ਕਰਮ ਧਰਮਾਂ ਦਾ ਆਪੋ ਆਪਣੇ ਅਨਕੂਲ ਜੁਗ ਅੰਦਰਿ ਬੀਜਿਆ ਜਾਵੇ ਫੇਰ ਤਾਂ ਉਗਵ ਪੈਂਦਾ ਹੋਣਾ ਹੈ। ਇਸਦਾ ਉਤਰ ਇਹ ਹੈ ਕਿ ਓਹਨਾਂ ਜੁਗਾਂ ਅੰਦਰਿ ਭੀ ਇਹ ਬੀਜ ਬੀਜੇ ਹੋਏ ਓਹ ਫਲ ਨਹੀਂ ਦਿੰਦੇ

(ਬਾਕੀ ਪੰਨਾ ੩੩ ਤੇ ....)



www.AKJ.Org

# ਰਿਸ਼ਤੇ ਨਾਤੇ

ਨੋਟ :–1. ਕੇਵਲ ਅੰਮ੍ਰਿਤਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਲਈ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ ਜੀ। ੨. ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ। 3. ਇਸ਼ਤਿਹਾਰ ਛਪਵਾਉਣ ਲਈ ਬੱਚਿਆਂ ਅਤੇ ਆਪਣੇ ਬਾਰੇ ਪੂਰਾ ਵੇਰਵਾ ਸਪੱਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 4. ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਇਕ 3 ਰੁ: ਦੀ ਟਿਕਟ ਲੱਗਿਆ ਬਗੈਰ ਕਿਸੇ ਐਡਰੈਸ ਤੋਂ Envelopoe ਨਾਲ ਭੇਜੋ ਜੀ।

LD-340 23 ਸਾਲਾ ਐਮ. ਏ. ਪੰਜਾਬੀ ਪਾਸ ਕੱਪੜੇ ਦਾ ਆਪਣਾ ਕਾਰੋਬਾਰ ਕਰਦੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ ।

LD-341 26 ਸਾਲਾ, ਕੱਦ 5'3'', +2 ਅਤੇ D. Pharmacy ਪਾਸ, ਤਲਾਕਸ਼ੁਦਾ ਮੈਡੀਕਲ ਕਾਲਜ ਵਿਚ ਨੌਕਰੀ ਕਰ ਰਹੀ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।

LD-342 21 ਸਾਲਾ ਕੱਦ 5'9'', +2 ਪਾਸ ਆਪਣਾ ਸੀਮਿੰਟ ਦਾ ਕਾਰੋਬਾਰ ਕਰਦੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-343 27 ਸਾਲਾ ਕੱਦ 5'3'' M. A. ਮਿਊਜ਼ਿਕ ਪਾਸ ਕੀਰਤਨੀ ਅਤੇ ਜੋੜੀ ਵਜਾਉਣ ਵਿਚ ਮਾਹਿਰ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।

LD-344 25 ਸਾਲਾ ਕੱਦ 5'5'' I.T.I. ਡਿਪਲੋਮਾ ਪਾਸ ਆਪਣਾ ਕਾਰੋਬਰ ਅਤੇ I.T.I. ਨੌਕਰੀ ਦੀ ਟ੍ਰੈਨਿਗ ਕਰ ਰਹੇ ਚੰਗੀ ਆਮਦਨ ਵਾਲੇ ਸਿੰਘ ਲਈ ਗੁਰਮੁਖ ਬੀਬੀ ਦੀ ਲੋੜ ਹੈ। ਸਿੰਘ ਦੀ ਸੱਜੀ ਲੱਤ ਵਿਚ ਮਾਮੂਲੀ ਨੁਕਸ ਹੈ ਪਰ ਕੰਮਕਾਰ ਵਿਚ ਇਸ ਨਾਲ ਕੋਈ ਰੁਕਾਵਟ ਨਹੀਂ ਹੈ।

LD-345 ਸਾਢੇ ੨੦ ਸਾਲਾ, ਕੱਦ 5'5'', +2 ਅਤੇ I.T.I ਪਾਸ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-346 24 ਸਾਲਾ ਕੱਦ 5'4'' B.A.D.P. ED. ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-347 24 ਸਾਲਾ ਕੱਦ 5'3'', +2 ਤੋਂ ਬਾਅਦ D.H.M.S. ਪਾਸ ਡਾਕਟਰ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-348 30 ਸਾਲਾ ਕੱਦ 5'2'' B.A. 1st ਤੋਂ ਬਾਅਦ B.E.M.S. ਪਾਸ ਡਾਕਟਰ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-349 28 ਸਾਲਾ ਕੱਦ 5'2'', B.A. ਤੋਂ ਬਾਅਦ D.H.M.S. ਡਾਕਟਰ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-350 25 ਸਾਲਾ ਕੱਦ 170 ਸੈਂਟੀਮੀਟਰ ਵੈਦ ਵਿਸ਼ਾਰਧ (B.A. ਦੇ ਬਰਾਬਰ) ਤੋਂ ਬਾਅਦ ਦੋ ਸਾਲਾ ਆਯੁਰਵੈਦਿਕ ਰਤਨ ਦਾ ਕੋਰਸ ਪਾਸ ਆਪਣਾ ਕਾਰੋਬਾਰ ਕਰਦੇ 15000ਰੁ: ਮਾਸਿਕ ਆਮਦਨੀ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ। ਲੜਕੇ ਦੇ ਖੱਬੇ ਹੱਥ ਵਿਚ ਮਾਮੂਲੀ ਨੁਕਸ ਹੈ। ਵਿਆਹ ਬਗੈਰ ਦਹੇਜ ਅਤੇ ਬਿਨਾ ਕਿਸੇ ਜਾਤਪਾਤ ਦੇ ਵਿਚਾਰ ਤੋਂ । ਕੀਰਤਨੀ ਬੀਬੀ ਨੂੰ ਪਹਿਲ ।

LD-351 27 ਸਾਲਾ ਕੱਦ 5'6'', B.A.1ST ਪਾਸ S.G.P.C. ਵਿਚ ਕਲਰਕ 3000ਰੁ: ਮਾਸਿਕ ਤਨਖਾਹ ਵਾਲੇ ਸਿੰਘ ਲਈ ਕੋਈ ਡਿਪਲੋਮਾ ਹੋਲਡਰ ਜਾਂ ਸਰਵਿਸ ਕਰਦੀ ਬੀਬੀ ਦੀ ਲੋੜ ਹੈ।

LD-352 46 ਸਾਲਾ ਕੱਦ 5'7'' ਇੰਜੀਨੀਅਰ ਪਾਸ ਸਿੰਘ ਲਈ ਕੁਆਰੀ ਵਿਧਵਾ ਜਾਂ ਤਲਾਕਸ਼ੁਦਾ ਜੀਵਨ ਸਾਥਣ ਦੀ ਲੋੜ ਹੈ। ਇਕ ਦੋ ਬੱਚਿਆਂ ਵਾਲੀ ਜਾਂ ਬਾਂਝ ਬੀਬੀ ਵੀ ਵਿਚਾਰਨਯੋਗ ।

LD-353 39 ਸਾਲਾ ਕੱਦ 5'4'', B.COM. ਪਾਸ ਪ੍ਰਾਈਵੇਟ ਫਰਮ ਵਿਚ ਅਕਾਊਂਟੈਂਟ 4000ਰੁ: ਮਾਸਿਕ ਤਨਖਾਹ ਵਾਲੇ ਦੁਹਾਜੂ ਸਿੰਘ ਲਈ ਯੋਗ ਕੁਆਰੀ ਜਾਂ ਵਿਧਵਾ ਬੀਬੀ ਦੀ ਲੋੜ ਹੈ। ਸਿੰਘ ਦੀ ਪਹਿਲੀ ਪਤਨੀ ਚੜ੍ਹਾਈ ਕਰ ਗਈ ਹੈ। ੨ ਸਾਲ ਤੋਂ ਘੱਟ ਬੱਚੇ ਵਾਲੀ ਵੀ ਵਿਚਾਰਨਯੋਗ।

LD-354 25 ਸਾਲਾ ਕੱਦ 5'5'' M.A.(PUBLIC ADM.) B.SC. ਅਤੇ P.G.I. ਤੋਂ 4 ਸਾਲਾ ਡਿਗਰੀ ਪਾਸ P.G.I ਵਿਚ ਸਟਾਫ ਨਰਸ ਦੀ ਨੌਕਰੀ ਕਰ ਰਹੀ 10000ਰੁ: ਮਾਸਿਕ ਤਨਖਾਹ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-355 25 ਸਾਲਾ ਕੱਦ 5'2'' B.A. ਪਾਸ M.A.(POL.SC.) ਅਤੇ B.ED. ਕਰ ਰਹੀ ਘਰੇਲੂ ਦਸਤਕਾਰੀ ਐਮਬਰਾਇਡਰੀ, ਟੇਲਰਿੰਗ ਅਤੇ ਇੰਟੀਰੀਅਰ ਡੈਕੋਰੇਸ਼ਨ ਵਿਚ ਨਿਪੁੰਨ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।



www.AKJ.Org

# ਆਉਣ ਵਾਲੇ ਕੀਰਤਨ ਸਮਾਗਮ

## ਪਿੰਡ ਟਾਹਲੀ ਸਾਹਿਬ (ਹੁਸ਼ਿਆਰਪੁਰ) ਵਿਖੇ ਰੈਣਿ ਸਬਾਈ ਕੀਰਤਨ।

ਪਿੰਡ ਟਾਹਲੀ ਸਾਹਿਬ ਨੇੜੇ ਬੇਗੋਵਾਲ ਜ਼ਿਲਾ ਹੁਸ਼ਿਆਰਪੁਰ ਵਿਖੇ ੭ ਦਸੰਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ

ਪਿੰਡ ਮਾਦੋਕੇ ਬਰਾੜ (ਨੇੜੇ ਚੁਗਾਵਾਂ) ਅੰਮ੍ਰਿਤਸਰ ਵਿਖੇ ਰੈਣਿ ਸਬਾਈ ਕੀਰਤਨ 16 ਦਸੰਬਰ ਰਾਤ ਨੂੰ।

ਗੁ: ਜੋਤੀ ਸਰੂਪ ਫਤਹਿਗੜ੍ਹ ਸਾਹਿਬ ਵਿਖੇ ਰੈਣਿ ਸਬਾਈ ਕੀਰਤਨ

ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਤੇ ੨੬ ਦਸੰਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 30 ਦਸੰਬਰ ਰਾਤ ਨੂੰ।

## ਦਸਮ ਪਾਤਸ਼ਾਹ ਦੇ ਆਗਮਨ ਪੁਰਬ ਦੇ ਕੇਂਦਰੀ ਕੀਰਤਨ ਸਮਾਗਮ

### ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ

'ਹਮ ਹਰਿ ਸਿਉ ਧੜਾ ਕੀਆ, ਮੇਰੀ ਹਰਿ ਟੇਕ' ਦੇ ਗੁਰਵਾਕਾਂ ਤੇ ਫੁੱਲ ਚੜਾਉਂਦੇ ਹੋਏ ਆਉ ਆਪਾਂ ਸਾਰੇ ਆਪਣੇ ਨਿੱਜੀ ਧੜੇ ਛੱਡ ਕੇ 'ਆਵਹੁ ਭੈਣੇ ਗਲਮਿਲਹ ਅੰਕਿ ਸਹੇਲੜੀਆਹ ॥ ਮਿਲ ਕੈ ਕਰਹਿ ਕਹਾਣੀਆ ਸਮ੍ਰਥ ਕੰਤ ਕੀਆ' ਦੇ ਉਦੇਸ਼ ਨੂੰ ਮੁਖ ਰੱਖਦੇ ਹੋਏ ਪੁਰਾਤਨ ਸਮਾਗਮਾਂ ਦੇ ਰੰਗਾਂ ਵਿਚ ਗੁਰਪੁਰਬ ਮਨ-ਆਉਣੇ ਕਰਨ ਲਈ ਦਿੱਤੇ ਵੇਰਵੇ ਅਨੁਸਾਰ ਜੁੜ ਬੈਠੀਏ ਅਤੇ ਹਰਿ ਜਸ ਦੀਆਂ ਘੁੰਮਰਾਂ ਪਾ ਆਪਣੇ ਜੀਵਨ ਨੂੰ ਸਫਲਾ ਕਰੀਏ।

### ਵੇਰਵਾ

| | |
|---|---|
| 29-12-2000 | ਸਵੇਰੇ 4 ਤੋਂ 6.30 ਕੀਰਤਨ ਸ੍ਰੀ ਆਸਾ ਕੀ ਵਾਰ ਉਪ੍ਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ |
| 31-12-2000 | ਸਵੇਰੇ 5 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ੧੨ ਵਜੇ ਤੱਕ। |
| 31-12-2000 | ਸ਼ਾਮ ਸੋਦਰ ਉਪ੍ਰੰਤ ਅਖੰਡ ਕੀਰਤਨ ਰਾਤ 1 ਵਜੇ ਤੱਕ।(ਨਵੇਂ ਸਾਲ ਦੇ ਆਰੰਭ ਸਬੰਧੀ ਵਿਸ਼ੇਸ਼ ਸਮਾਗਮ) |
| 1-1-2001 | ਸਵੇਰੇ 6 ਵਜੇ ਤੋਂ ਦੁਪਹਿਰ 12- ਵਜੇ ਤੱਕ ਅਖੰਡ ਕੀਰਤਨ। |
| | ਸ਼ਾਮ ਸੋਦਰ ਉਪ੍ਰੰਤ ਅਖੰਡ ਕੀਰਤਨ 6 ਤੋਂ 8.30 ਵਜੇ ਤੱਕ। |
| 2-1-2001 | ਸਵੇਰੇ 5 ਵਜੇ ਤੋਂ ਦੁਪਹਿਰ 2ਵਜੇ ਤੱਕ ਅਖੰਡ ਕੀਰਤਨ। |

ਰੈਣਿ ਸਬਾਈ ਕੀਰਤਨ ੨ ਜਨਵਰੀ ਮੰਗਲਵਾਰ ਸ਼ਾਮ ਨੂੰ 6 ਵਜੇ ਸਦਰ ਉਪ੍ਰੰਤ ਰੈਣਿ ਸਬਾਈ ਕੀਰਤਨ ਆਰੰਭ ਹੋਣਗੇ ਜਿਸ ਦੇ ਭੋਗ 3 ਜਨਵਰੀ ਬੁੱਧਵਾਰ ਸਵੇਰੇ 6 ਵਜੇ ਪੈਣਗੇ।

ਅੰਮ੍ਰਿਤ ਸੰਚਾਰ ੨ ਜਨਵਰੀ ਮੰਗਲਵਾਰ ਸ਼ਾਮ 7 ਵਜੇ ਗੁ: ਸਾਹਿਬ ਦੇ ਉਪਰਲੇ ਹਾਲ ਵਿੱਚ ਆਰੰਭ ਹੋਣਗੇ।

ਰਿਹਾਇਸ਼ ਤੇ ਲੰਗਰ ਦਾ ਸਾਰਾ ਪ੍ਰਬੰਧ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੀ ਹੋਵੇਗਾ।

ਜ਼ਰੂਰੀ ਬੇਨਤੀਆਂ :- 1. ਸਮੂਹ ਸੰਗਤਾਂ ਚਲ ਰਹੇ ਕੀਰਤਨ ਸਮਾਗਮਾਂ ਦੌਰਾਨ ਸਾਰਾ ਸਮਾਂ ਕੀਰਤਨ ਅਸਥਾਨ ਤੇ ਹੀ ਹਾਜ਼ਰੀਆਂ ਭਰਨ ਦੀ ਕੋਸ਼ਿਸ਼ ਕਰੋ ਜੀ। ੨. ਜੱਥਿਆਂ ਦੇ ਰੂਪ ਵਿਚ ਬਾਹਰੋਂ ਆਉਣ ਵਾਲੀਆਂ ਸੰਗਤਾਂ ਕ੍ਰਿਪਾ ਕਰਕੇ ਪਹਿਲਾ ਸੂਚਿਤ ਕਰੋ ਜੀ ਤਾਂ ਕਿ ਰਿਹਾਇਸ਼ ਦਾ ਯੋਗ ਪ੍ਰਬੰਧ ਕੀਤਾ ਜਾ ਸਕੇ। 3. ਬਾਹਰੋਂ ਆਉਣ ਵਾਲੇ ਅਖੰਡ ਪਾਠੀ ਅਤੇ ਕੀਰਤਨੀਏ ਵੀਰ ਭੈਣਾਂ ਆਪਣੇ ਪਹੁੰਚਣ ਦੀ ਸੂਚਨਾ ਤੁਰੰਤ ਪ੍ਰਬੰਧਕਾਂ ਨੂੰ ਦੇਣ ਤਾਂ ਕਿ ਉਹਨ ਕੋਲੋਂ ਯੋਗ ਸਮੇਂ ਤੇ ਸੇਵਾ ਲਈ ਜਾ ਸਕੇ। 4. 3ਜਨਵਰੀ ਰੈਣਿ ਸਬਾਈ ਕੀਰਤਨ ਦੇ ਭੋਗ ਤੋਂ ਪਹਿਲਾਂ ਅਨੰਦ ਕਾਰਜ ਕਰਵਾਏ ਜਾਣਗੇ। ਅਨੰਦ ਕਾਰਜਾਂ ਵਾਲੇ ਪ੍ਰੀਵਾਰ ਪਹਿਲਾ ਸੂਚਿਤ ਕਰੋ ਜੀ। 5. ਸਾਰੀਆਂ ਸੇਵਾਵਾਂ ਵਿਚ ਸਮੂੰਹ ਸੰਗਤਾਂ ਭਰਪੂਰ ਸਹਿਯੋਗ ਦੇ ਕੇ ਦਾਸਰਿਆਂ ਨੂੰ ਨਿਵਾਜੋ ਜੀ 6. ਸਮਾਗਮ ਸਬੰਧੀ ਕੋਈ ਵੀ ਪੁਛ-ਗਿੱਛ ਲਈ ਫੋਨ ਨੰ: 428194, 429987 ਜਾਂ 430865 ਤੇ ਸੰਪਰਕ ਕਰੋ ਜੀ

ਦਾਸਰੇ - ਅਖੰਡ ਕੀਰਤਨੀ ਜੱਥਾ ਲੁਧਿਆਣਾ

ਗੁਰਦਾਸਪੁਰ ਗੁ: ਸ੍ਰੀ ਗੁਰੂ ਸਿੰਘ ਸਭਾ ਜੇਲ ਰੋਡ ਵਿਖੇ ਰੈਣਿ ਸਬਾਈ ਕੀਰਤਨ 6 ਜਨਵਰੀ ੨001 ਰਾਤ ਨੂੰ

## ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਕੇਂਦਰੀ ਕੀਰਤਨ ਸਮਾਗਮ

ਬਸੰਤ ਪਚੰਮੀ ਦੇ ਸਾਲਾਨਾ ਕੇਂਦਰੀ ਕੀਰਤਨ ਸਮਾਗਮ 8 ਤੋਂ 11 ਫਰਵਰੀ ਤੱਕ ਹੋਣਗੇ। ਰੈਣਿ ਸਬਾਈ ਕੀਰਤਨ 10 ਅਤੇ 11 ਫਰਵਰੀ ਦੀ ਵਿਚਕਾਰਲੀ ਰਾਤ ਹੋਣਗੇ। ਹੋਰ ਵੇਰਵਾ ਆਉਂਦੇ ਪਰਚੇ ਵਿਚ।



www.AKJ.Org

## ਗੁਰਮੁਖ ਪਿਆਰੇ ਗਿਆਨੀ ਹਜ਼ਾਰਾ ਸਿੰਘ ਜੀ ਰਿਟਾ: ਡੀ. ਐਸ. ਪੀ.



1908 ਵਿਚ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਗੁਜਰਪੁਰਾ ਵਿਚ ਜਨਮੇ ਭਾਈ ਹਜ਼ਾਰਾ ਸਿੰਘ ਜੀ ਨੂੰ ਗੁਰਸਿੱਖੀ, ਦਇਆ ਪ੍ਰੇਮ ਦੀ ਦਾਤ ਵਿਰਸੇ ਵਿਚੋਂ ਹੀ ਆਪਣੇ ਬਾਬੇ ਦਾਦੇ ਪਾਸੋਂ ਮਿਲੀ। 1929 ਵਿਚ ਆਪ ਨੇ ਪੁਲਿਸ ਵਿਚ ਨੌਕਰੀ ਸ਼ੁਰੂ ਕਰ ਦਿੱਤੀ। 1967 ਵਿਚ ਡੀ. ਐਸ. ਪੀ. ਦੀ ਨੌਕਰੀ ਤੋਂ ਰਿਟਾਇਰ ਹੋਣ ਤੱਕ ਆਪਣੀ ਸਾਰੀ ਸਰਵਿਸ ਦੌਰਾਨ ਨੇਕ ਨੀਅਤੀ, ਨਿਮਰਤਾ ਤੇ ਦਇਆ ਦਾ ਪੱਲਾ ਨਾ ਛੱਡਿਆ। 1960–61 ਤੋਂ ਆਪ ਅਖੰਡ ਕੀਰਤਨੀ ਜੱਥੇ ਨਾਲ ਪੂਰੀ ਤਰ੍ਹਾਂ ਜੁੜ ਗਏ। ਲਗਭਗ ਸਾਰੇ ਕੀਰਤਨ ਸਮਾਗਮਾਂ ਵਿਚ ਆਪ ਪਹਿਲਾਂ ਹੀ ਪਹੁੰਚਦੇ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਨਿਭਾਉਂਦੇ। ਆਪ ਆਮ ਤੌਰ ਤੇ .5-6 ਘੰਟੇ ਲਗਾਤਾਰ ਪਾਠ ਦੀਆਂ ਵਾਰੀਆਂ ਦਿੰਦੇ ਰਹਿੰਦੇ ਸਨ। 1978 ਵਿਚ ਨਿਰੰਕਾਰੀ ਕਾਂਡ ਵੇਲੇ ਆਪ ਵੀ ਬੁਰੀ ਤਰਾਂ ਜ਼ਖਮੀ ਹੋ ਗਏ ਕਈ ਦਿਨ ਹਸਪਤਾਲ ਵਿਚ ਜ਼ੇਰੇ ਇਲਾਜ ਰਹੇ।

ਅਖੀਰਲੇ ਸਮੇਂ ਆਪ ਨੇ ਲਗਪਗ ਤਿੰਨ ਮਹੀਨੇ ਬਿਨਾਂ ਅੰਨ ਤੋਂ ਕੇਵਲ ਤਰਲ ਪਦਾਰਥਾਂ ਦੇ ਹੀ ਬਿਤਾਏ। ਪਰ ਹੁਕਮ ਵਿਚ ਰਹਿੰਦੇ ਹੋਏ ਨਾਮ ਬਾਣੀ ਨਾਲੋਂ ਲਿਵ ਨਹੀਂ ਟੁੱਟਣ ਦਿੱਤੀ। ਅਖੀਰ 14-9-2000 ਨੂੰ ਆਪ ਆਪਣੇ ਸਵਾਸਾਂ ਨੂੰ ਪੂਰੇ ਕਰ ਗੁਰਪੁਰੀ ਧਿਆਨਾ ਕਰ ਗਏ। ਆਪ ਜੀ ਪੰਜਾਬੀ, ਅੰਗ੍ਰੇਜ਼ੀ, ਉਰਦੂ ਅਤੇ ਫਾਰਸੀ ਦੇ ਚੰਗੇ ਵਿਦਵਾਨ ਸਨ। ਆਪ ਜੀ ਨੇ ਦੋ ਕਿਤਾਬਾਂ ਲਿਖੀਆਂ ਹਨ ਪਹਿਲੀ ਕਿਤਾਬ "ਗੁਰਮਤਿ ਕਥਾ ਕਹਾਣੀਆਂ" ਹਨ ਜਿਸ ਵਿਚ ਗੁਰੂ ਘਰ ਨਾਲ ਸਬੰਧਤ ਸਾਖੀਆਂ ਦਰਜ ਹਨ ਜਿਸ ਤੋਂ ਸੰਸਾਰਿਕ ਪ੍ਰਾਣੀਆ ਨੂੰ ਗੁਰੂ ਸ਼ਬਦ ਦੀ ਓਟ ਲੈਕੇ ਗੁਰਬਾਣੀ ਤੇ ਅਧਾਰਤ ਜੀਵਨ ਜੀਉਣ ਦੀ ਪ੍ਰੇਰਣਾ ਮਿਲਦੀ ਹੈ ਤੇ ਦੂਜੀ ਕਿਤਾਬ ਵਿਚ ਆਪ ਜੀ ਨੇ ਗੁਰਬਾਣੀ ਦੀਆਂ ਉਦਾਹਰਣਾਂ ਸਹਿਤ ਭਾਈ ਗੁਰਦਾਸ ਜੀ ਦੀਆਂ ਬਾਰਾਂ, ਕਬਿੱਤ ਸਵੇਯੇ ਅਤੇ ਭਾਈ ਨੰਦ ਲਾਲ ਸਿੰਘ ਜੀ ਦੀਆਂ ਗੁਰਬਾਣੀ ਨਾਲ ਲਿਖੀ ਹੈ ਜੋ ਕਿ ਕੀਰਤਨ ਪ੍ਰੇਮੀਆਂ ਲਈ ਬਹੁਤ ਸਹਾਇਕ ਹੈ।

ਗੁਰੂ ਪਾਤਸ਼ਾਹ ਮੇਹਰ ਕਰਨ ਆਪਣੇ ਸੇਵਕ ਨੂੰ ਆਪਣੇ ਚਰਨਾਂ ਵਿਚ ਸਦੀਵਕਾਲ ਲਈ ਨਿਵਾਸ ਬਖ਼ਸ਼ਣ।

---

## ਸੂਰਾ ਸਹਾਇਤਾ ਫੰਡ ਵਿਚ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ- | 115/- | ਸ੍ਰ: ਮਲਕੀਅਤ ਸਿੰਘ ਅੰਬਾਲਾ- | 200/- |
| ਗੁਪਤ- | 50/- | ਸ੍ਰ: ਅਰਵਿੰਦਰ ਸਿੰਘ ਰਾਜਾ ਦਿੱਲੀ) | 100/- |
| ਗੁਪਤ- | 50/- | ਸ੍ਰ: ਵਰਿਆਮ ਸਿੰਘ (ਦਿੱਲੀ)- | 1100/- |
| ਡਾ: ਦਰਸ਼ਨ ਸਿੰਘ- | 100/- | ਗੁਪਤ (ਦਿੱਲੀ)- | 100/- |
| ਸ੍ਰ: ਕੁਲਵੰਤ ਸਿੰਘ- | 200/- | ਸ੍ਰ: ਦਲਜੀਤ ਸਿੰਘ (ਦਿੱਲੀ) | 185/- |
| ਬੀਬੀ ਸਵਰਨ ਕੌਰ (ਸਲੋਹ)- | 3360/- | ਗੁਪਤ- | 3/- |
| ਸ੍ਰ: ਬੇਅੰਤ ਸਿੰਘ- | 13440/- | ਸ੍ਰ: ਕਸ਼ਮੀਰ ਸਿੰਘ ਦਿੱਲੀ- | 100/- |
| ਸਾਧ ਸੰਗਤ (ਸਲੋਹ)- | 4800/- | | |

## ਫ੍ਰੀ ਲਿਟ੍ਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ- | 100/- | ਗੁਪਤ (ਦਿੱਲੀ)- | 500/- |
| ਹਰਸ਼ੀਨ ਕੌਰ- | 65/- | ਗੁਪਤ- | 70/- |
| ਸ੍ਰ: ਹਰਪਾਲ ਸਿੰਘ ਦਿੱਲੀ | 501/- | | |

## ਅਖੰਡ ਕੀਰਤਨੀ ਜੱਥਾ ਯੂ. ਕੇ. ਦੇ ਆਉਣ ਵਾਲੇ ਪ੍ਰੋਗਰਾਮ

1. ਪਿਛਲੇ ਮਹੀਨੇ ਅਕਾਲ ਚਲਾਣਾ ਕਰ ਗਏ ਭਾਈ ਰਜਿੰਦਰ ਸਿੰਘ ਡਡਲੀ ਵਾਲਿਆਂ ਨਮਿਤ 9 ਦਸੰਬਰ ਸ਼ਨੀਵਾਰ ਕੀਰਤਨ ਸਾਮ 7 ਤੋਂ 12 ਤੱਕ ਗੁ: ਸਿੰਘ ਸਭਾ ਕਰਾਸ ਰੋਡ ਕਵੈਂਟਰੀ ਵਿਖੇ। 2. ਮਾਸਿਕ ਰੈਣਿ ਸਬਾਈ ਜੋ ਪਹਿਲਾਂ 23 ਦਸੰਬਰ ਨੂੰ ਮਿੱਥੀ ਗਈ ਸੀ ਹੁਣ 31 ਦਸੰਬਰ ਨੂੰ ਗੁ: ਸਿੰਘ ਸਭਾ ਕਵੈਂਟਰੀ ਵਿਖੇ। ਹੋਰ ਜਾਣਕਾਰੀ ਲਈ 02476684802

3. ਦਸਮ ਪਾਤਸ਼ਾਹ ਦੇ ਆਗਮਨ ਪੁਰਬ ਸਬੰਧੀ ਰੈਣਿ ਸਬਾਈ ਕੀਰਤਨ 13 ਜਨਵਰੀ 2001 ਗੁਰੂ ਨਾਨਕ ਗੁ: ਵਾਲਸਾਲ ਰੋਡ ਵਿਲਨਹਾਲ ਵਿਖੇ। ਹੋਰ ਜਾਣਕਾਰੀ ਲਈ ਭਾਈ ਤ੍ਰਿਲੋਚਨ ਸਿੰਘ 01213570311

4. ਯੂ. ਕੇ ਜੱਥੇ ਵਲੋਂ 8ਵਾਂ ਸਾਲਾਨਾ ਇੰਟਰਨੈਸ਼ਨਲ ਕੀਰਤਨ ਸਮਾਗਮ 13 ਅਪ੍ਰੈਲ 2001 ਤੋਂ 21 ਅਪ੍ਰੈਲ 2001 ਤੱਕ ਵੈਸਾਖੀ ਦੇ ਮੌਕੇ ਤੇ। ਹੋਰ ਜਾਣਕਾਰੀ ਭਾਈ ਓਂਕਾਰ ਸਿੰਘ ਸਲੋਹ 00441753572737

www.AKJ.Org

R.N.I. No. 12245/66 SURA-DEC.,-2000 P.O. Regd. No. PB/ 0195/2000

ਗੁ: ਬੰਗਲਾ ਸਾਹਿਬ ਦਿੱਲੀ ਵਿਖੇ ਪੁਸਤਕ ਮੇਲਾ 2000 ਵਿਚ ਲੱਗੀ ਸੂਰਾ ਸਟਾਲ ਦੀਆਂ ਝਲਕੀਆਂ।











SURA (Monthly) Kothi No. 12, Block-1. BHAI RANDHIR SINGH NAGAR, LUDHIANA-141 004

www.AKJ.Org